ਬੁੱਧਵਾਰ, 16 ਅਕਤੂਬਰ, 2024

31 ਅੱਸੂ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 136

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 16 OCTOBER, 2024 ਜਲੰਧਰ

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 10



'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV


## ਮਹਾਰਾਸ਼ਟਰ 'ਚ ਇੱਕ ਤੇ ਝਾਰਖੰਡ 'ਚ ਦੋ ਗੇੜਾਂ 'ਚ ਵੋਟਾਂ ਪੈਣਗੀਆਂ

### ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ 'ਚ ਪੋਲਿੰਗ 13 ਨਵੰਬਰ ਨੂੰ

**ਨਵੀਂ ਦਿੱਲੀ** : ਚੋਣ ਕਮਿਸ਼ਨ ਨੇ ਮੰਗਲਵਾਰ ਮਹਾਰਾਸ਼ਟਰ ਅਤੇ ਝਾਰਖੰਡ ਵਿਧਾਨ ਸਭਾਵਾਂ ਦੀਆਂ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ। ਮਹਾਰਾਸ਼ਟਰ 'ਚ ਵੋਟਾਂ ਇੱਕੋ ਗੇੜ 'ਚ 20 ਨਵੰਬਰ ਨੂੰ ਪੈਣਗੀਆਂ, ਜਦੋਂਕਿ ਝਾਰਖੰਡ 'ਚ ਦੋ ਗੇੜਾਂ 'ਚ 13 ਤੇ 20 ਨਵੰਬਰ ਨੂੰ ਪੈਣਗੀਆਂ। ਇਹ ਐਲਾਨ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਪ੍ਰੈਸ ਕਾਨਫਰੰਸ 'ਚ ਕੀਤਾ। ਮਹਾਰਾਸ਼ਟਰ ਵਿਧਾਨ ਸਭਾ ਦੀਆਂ 288 ਸੀਟਾਂ ਹਨ ਅਤੇ ਮੌਜੂਦਾ ਵਿਧਾਨ ਸਭਾ ਦੀ ਮਿਆਦ 26 ਨਵੰਬਰ ਨੂੰ ਪੂਰੀ ਹੋਵੇਗੀ। 25 ਸੀਟਾਂ ਅਨੁਸੂਚਤ ਕਬੀਲਿਆਂ (ਐੱਸ ਟੀ) ਅਤੇ 29 ਅਨੁਸੂਚਤ ਜਾਤਾਂ (ਐੱਸ ਸੀ) ਲਈ ਰਾਖਵੀਆਂ ਹਨ, ਜਦੋਂਕਿ 234 ਸੀਟਾਂ ਜਨਰਲ ਹਨ।

ਝਾਰਖੰਡ ਵਿਧਾਨ ਸਭਾ ਦੀਆਂ 81 ਸੀਟਾਂ ਹਨ ਅਤੇ ਮੌਜੂਦਾ ਵਿਧਾਨ ਸਭਾ ਦੀ ਮਿਆਦ 5 ਜਨਵਰੀ, 2025 ਨੂੰ ਪੂਰੀ ਹੋਵੇਗੀ। 28 ਸੀਟਾਂ ਐੱਸ ਟੀ ਅਤੇ 9 ਐੱਸ ਸੀ ਲਈ ਰਾਖਵੀਆਂ ਹਨ, ਜਦੋਂਕਿ 44 ਸੀਟਾਂ ਜਨਰਲ ਹਨ।




ਪੰਜਾਬ ਵਿਧਾਨ ਸਭਾ ਦੇ ਚਾਰ ਹਲਕਿਆਂ ਦੀ ਜ਼ਿਮਨੀ ਚੋਣ 13 ਨਵੰਬਰ ਨੂੰ ਹੋਵੇਗੀ। ਇਹ ਹਲਕੇ ਹਨ : ਗਿੱਦੜਬਾਹਾ, ਬਰਨਾਲਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ। ਸਾਰੀਆਂ ਚੋਣਾਂ ਦੇ ਨਤੀਜਿਆਂ ਦਾ ਐਲਾਨ 23 ਨਵੰਬਰ ਨੂੰ ਕੀਤਾ ਜਾਵੇਗਾ। ਪੰਜਾਬ ਵਿਚ ਇਨ੍ਹਾਂ ਚੋਣਾਂ ਦੀਆਂ ਤਰੀਕਾਂ ਦੇ ਐਲਾਨ ਦਾ ਬੇਸਬਰੀ ਨਾਲ ਇੰਤਜ਼ਾਰ ਹੋ ਰਿਹਾ ਸੀ। ਚੋਣਾਂ ਲੜਨ ਦੇ ਚਾਹਵਾਨਾਂ ਤੇ ਸਿਆਸੀ ਪਾਰਟੀਆਂ ਨੇ ਪਹਿਲਾਂ ਹੀ ਆਪਣੀਆਂ ਸਰਗਰਮੀਆਂ ਵਿੱਢੀਆਂ ਹੋਈਆਂ ਸਨ।

ਇਸ ਦੇ ਨਾਲ ਹੀ ਚੋਣ ਕਮਿਸ਼ਨ ਨੇ ਕਾਂਗਰਸ ਆਗੂ ਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਖਾਲੀ ਕੀਤੀ ਗਈ ਕੇਰਲਾ ਦੀ ਵਾਇਨਾਡ ਸੀਟ ਤੇ ਮਹਾਰਾਸ਼ਟਰ ਦੀ ਨਾਂਦੇੜ ਸੀਟ ਅਤੇ ਪੰਜਾਬ ਦੇ ਚਾਰ ਅਸੰਬਲੀ ਹਲਕਿਆਂ ਸਮੇਤ ਵੱਖ-ਵੱਖ ਸੂਬਿਆਂ ਦੇ 48 ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦੀਆਂ ਤਰੀਕਾਂ ਦਾ ਵੀ ਐਲਾਨ ਕਰ ਦਿੱਤਾ ਹੈ। ਵਾਇਨਾਡ ਲੋਕ ਸਭਾ ਅਤੇ ਪੰਜਾਬ ਦੇ ਚਾਰ ਸਣੇ 47 ਵਿਧਾਨ ਸਭਾ ਹਲਕਿਆਂ 'ਚ ਵੋਟਾਂ 13 ਨਵੰਬਰ ਨੂੰ ਪੈਣਗੀਆਂ, ਜਦੋਂਕਿ ਨਾਂਦੇੜ (ਮਹਾਰਾਸ਼ਟਰ) ਹਲਕੇ 'ਚ 20 ਨਵੰਬਰ ਨੂੰ ਪੈਣਗੀਆਂ। ਉੱਤਰਾਖੰਡ ਦੇ ਇਕ ਵਿਧਾਨ ਸਭਾ ਹਲਕੇ ਕੇਦਾਰਨਾਥ ਦੀ ਜ਼ਿਮਨੀ ਚੋਣ 20 ਨਵੰਬਰ ਨੂੰ ਹੋਵੇਗੀ।

ਕੁੱਲ ਮਿਲਾ ਕੇ ਦੇਸ਼ ਦੇ 15 ਸੂਬਿਆਂ 'ਚ ਜ਼ਿਮਨੀ ਚੋਣਾਂ ਹੋਣਗੀਆਂ, ਜਿਨ੍ਹਾਂ ਵਿਚ ਵਾਇਨਾਡ ਤੇ ਨਾਂਦੇੜ ਦੇ ਲੋਕਸਭਾ ਹਲਕੇ ਸ਼ਾਮਲ ਹਨ। ਜਿਨ੍ਹਾਂ ਵਿਧਾਨਸਭਾ ਹਲਕਿਆਂ 'ਚ ਜ਼ਿਮਨੀ ਚੋਣਾਂ ਲਈ ਵੋਟਾਂ ਪੈਣੀਆਂ ਹਨ ਉਨ੍ਹਾਂ 'ਚ ਪੰਜਾਬ ਤੋਂ ਇਲਾਵਾ ਯੂ ਪੀ ਦੇ ਨੌਂ, ਰਾਜਸਥਾਨ ਦੇ ਸੱਤ, ਬੰਗਾਲ ਦੇ ਛੇ, ਅਸਾਮ ਦੇ ਪੰਜ, ਬਿਹਾਰ ਦੇ ਚਾਰ, ਕਰਨਾਟਕ ਦੇ ਤਿੰਨ, ਕੇਰਲ, ਮੱਧ ਪ੍ਰਦੇਸ਼, ਸਿੱਕਮ ਦੇ ਦੋ-ਦੋ ਅਤੇ ਛੱਤੀਸਗੜ੍ਹ, ਗੁਜਰਾਤ, ਮੇਘਾਲਿਆ ਅਤੇ ਉੱਤਰਾਖੰਡ ਦੇ ਇਕ-ਇਕ ਹਲਕੇ ਹਨ।

## ਜਥੇਦਾਰ ਨੂੰ ਧਮਕਾਉਣ 'ਤੇ ਵਲਟੋਹਾ ਨੂੰ ਅਕਾਲੀ ਦਲ 'ਚੋਂ ਫੌਰਨ ਕੱਢਣ ਦਾ ਆਦੇਸ਼

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਬੁਲਾਰੇ



ਵਿਰਸਾ ਸਿੰਘ ਵਲਟੋਹਾ ਖਿਲਾਫ ਸਖਤ ਫੈਸਲਾ ਲੈਂਦਿਆਂ ਉਸ ਨੂੰ 10 ਸਾਲ ਲਈ ਦਲ ਦੀ ਮੁਢਲੀ ਮੈਂਬਰਸ਼ਿਪ ਅਤੇ ਹੋਰ ਸਾਰੇ ਅਹੁਦਿਆਂ ਤੋਂ ਬਰਖਾਸਤ ਕਰਨ ਦੇ ਆਦੇਸ਼ ਦਿੱਤੇ ਹਨ। ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਜਾਰੀ ਆਦੇਸ਼ 'ਚ ਕਿਹਾ ਗਿਆ ਹੈ ਕਿ ਵਲਟੋਹਾ ਨੂੰ 24 ਘੰਟਿਆਂ ਦੇ ਅੰਦਰ ਦਲ ਦੀ ਮੁੱਢਲੀ ਮੈਂਬਰਸ਼ਿਪ ਅਤੇ ਸਾਰੇ ਅਹੁਦਿਆਂ ਤੋਂ ਬਰਖਾਸਤ ਕੀਤਾ ਜਾਵੇ ਅਤੇ 10 ਸਾਲ ਲਈ ਪਾਰਟੀ 'ਚ ਸ਼ਾਮਲ ਹੋਣ ਤੋਂ ਰੋਕ ਲਾਈ ਜਾਵੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਰਦੇਵ ਸਿੰਘ ਰੋਗਲਾ ਨੂੰ ਵੀ ਡੇਰਾ ਸਿਰਸਾ ਦੇ ਪ੍ਰੇਮੀਆਂ ਦੀ ਪ੍ਰਸੰਸਾ ਕਰਨ ਦੇ ਦੋਸ਼ ਹੇਠ ਤਨਖਾਹ ਲਾਈ ਗਈ ਹੈ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਖਿਲਾਫ ਲਾਏ ਗਏ ਦੋਸ਼ਾਂ ਦੇ ਮਾਮਲੇ 'ਚ ਮੰਗਲਵਾਰ ਵਲਟੋਹਾ ਨੂੰ ਸ੍ਰੀ ਅਕਾਲ ਤਖਤ ਵਿਖੇ ਸਬੂਤਾਂ ਸਮੇਤ ਸਪੱਸ਼ਟੀਕਰਨ ਦੇਣ ਲਈ ਤਲਬ ਕੀਤਾ ਗਿਆ ਸੀ। ਸ੍ਰੀ ਅਕਾਲ ਤਖਤ ਵਿਖੇ ਪੁੱਜਣ ਤੋਂ ਬਾਅਦ ਵਲਟੋਹਾ ਵੱਲੋਂ ਦਿੱਤੇ ਗਏ ਸਪੱਸ਼ਟੀਕਰਨ ਤੋਂ ਸਿੰਘ ਸਾਹਿਬਾਨ ਸੰਤੁਸ਼ਟ ਨਹੀਂ ਹੋਏ।

ਲੱਗਭੱਗ ਦੋ ਘੰਟੇ ਤੋਂ ਵੱਧ ਚੱਲੀ ਪ੍ਰਕਿਰਿਆ ਤੋਂ ਬਾਅਦ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਵਿਰਸਾ ਸਿੰਘ ਵਲਟੋਹਾ ਦੇ ਖਿਲਾਫ ਕੁਝ ਦੋਸ਼ ਸਾਬਤ ਹੋਏ ਹਨ। ਉਨ੍ਹਾ ਕਿਹਾ ਕਿ ਵਲਟੋਹਾ ਵੱਲੋਂ ਸੁਖਬੀਰ ਸਿੰਘ ਬਾਦਲ ਦੇ ਮਾਮਲਿਆਂ 'ਚ ਸਖਤ ਫੈਸਲਾ ਲੈਣ ਲਈ ਭਾਜਪਾ ਅਤੇ ਆਰ ਐੱਸ ਐੱਸ ਵੱਲੋਂ ਜਥੇਦਾਰ ਸਾਹਿਬਾਨ 'ਤੇ ਦਬਾਅ ਪਾਏ ਜਾਣ ਸੰਬੰਧੀ ਲਾਏ ਗਏ ਦੋਸ਼ਾਂ ਬਾਰੇ ਉਹ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕਿਆ।

ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ 11 ਅਕਤੂਬਰ ਨੂੰ ਵਿਰਸਾ ਸਿੰਘ ਵਲਟੋਹਾ ਉਨ੍ਹਾਂ ਦੇ ਘਰ ਉਨ੍ਹਾਂ ਦੀ ਸਿਹਤ ਦਾ ਹਾਲ ਚਾਲ ਪੁੱਛਣ ਲਈ ਆ ਜਾਂਦੇ ਹਨ ਤੇ ਹਾਲ ਚਾਲ ਪੁੱਛਣ ਨੂੰ ਲੈ ਕੇ ਆਪਣਾ ਮੋਬਾਇਲ ਰਿਕਾਡਿੰਗ 'ਤੇ ਲਗਾ ਕੇ ਧਮਕੀ ਦਿੰਦੇ ਹਨ ਕਿ ਜੇਕਰ ਸੁਖਬੀਰ ਸਿੰਘ ਬਾਦਲ ਦੇ ਖਿਲ਼ਾਫ ਕੋਈ ਸਖਤ ਫੈਸਲਾ ਲਿਆ ਤਾਂ ਸਿੱਟੇ ਭੁਗਤਣ ਲਈ ਤਿਆਰ ਰਹੋ। ਹੋ ਸਕਦਾ ਇਹ ● ਬਾਕੀ ਸਫ਼ਾ 2 'ਤੇ

## ਭਾਰਤ ਵੱਲੋਂ ਬੰਦੇ ਮਰਵਾਉਣ ਲਈ ਡਿਪਲੋਮੈਟਾਂ ਦੀ ਵਰਤੋਂ : ਟਰੂਡੋ

### ਲਾਰੈਂਸ ਬਿਸ਼ਨੋਈ ਵਰਗਿਆਂ ਦੀ ਵੀ ਮਦਦ ਲੈਣ ਦਾ ਦੋਸ਼

**ਓਟਾਵਾ** : ਭਾਰਤ ਅਤੇ ਕੈਨੇਡਾ ਦਰਮਿਆਨ ਜਾਰੀ ਸਿਖਰਾਂ ਦੇ ਸਫਾਰਤੀ ਤਣਾਅ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਹੈ ਕਿ ਕੈਨੇਡੀਅਨ ਨਾਗਰਿਕਾਂ ਉਤੇ ਉਨ੍ਹਾਂ ਦੇ ਆਪਣੇ ਹੀ ਮੁਲਕ ਵਿਚ ਹਮਲੇ ਕਰਨ ਲਈ ਭਾਰਤ ਵੱਲੋਂ ਆਪਣੇ ਡਿਪਲੋਮੈਟਾਂ ਤੇ ਜਥੇਬੰਦ ਜੁਰਮਾਂ ਨੂੰ ਅੰਜਾਮ ਦੇਣ ਵਾਲਿਆਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ ਅਤੇ ਕੈਨੇਡਾ ਦੇ ਨਾਗਰਿਕ ਆਪਣੀ ਹੀ ਧਰਤੀ ਉਤੇ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਉਨ੍ਹਾ ਨੇ ਇਸ ਨੂੰ ਭਾਰਤ ਦੀ ਭਾਰੀ ਗਲਤੀ ਕਰਾਰ ਦਿੱਤਾ ਹੈ।

ਸੋਮਵਾਰ ਭਾਰਤ ਵੱਲੋਂ ਛੇ ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢਣ ਅਤੇ ਨਾਲ ਹੀ ਕੈਨੇਡਾ ਵਿਚਲੇ ਭਾਰਤੀ ਹਾਈ ਕਮਿਸ਼ਨਰ ਅਤੇ ਨਿਸ਼ਾਨਾ ਬਣਾਏ ਗਏ ਹੋਰ ਡਿਪਲੋਮੈਟਾਂ ਨੂੰ ਵਾਪਸ ਸੱਦਣ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਟਰੂਡੋ ਨੇ



ਵਿਦੇਸ਼ ਮੰਤਰੀ ਮੇਲਾਨੀਆ ਜੌਲੀ ਅਤੇ ਨਾਗਰਿਕ ਰੱਖਿਆ ਮੰਤਰੀ ਡੋਮਿਨਿਕ ਨਾਲ ਸਾਂਝੀ ਪ੍ਰੈਸ ਕਾਨਫਰੰਸ 'ਚ ਇਹ ਦੋਸ਼ ਲਾਏ ਹਨ। ਭਾਰਤ ਨੇ ਕੈਨੇਡਾ ਵਿਚ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਜਾਂਚ ਨਾਲ ਭਾਰਤੀ ਸਫੀਰਾਂ ਦਾ ਨਾਂਅ ● ਬਾਕੀ ਸਫ਼ਾ 2 'ਤੇ

## ਸੰਗਰੂਰ ਜ਼ੋਨਲ ਰੈਲੀ ਦੀ ਤਿਆਰੀ ਲਈ ਛੇ ਜ਼ਿਲ੍ਹਿਆਂ ਦੀ ਮੀਟਿੰਗ



**ਚੰਡੀਗੜ੍ਹ** : ਸੀ ਪੀ ਆਈ ਦੇ ਛੇ ਜ਼ਿਲ੍ਹਿਆਂ ਪਟਿਆਲਾ, ਸੰਗਰੂਰ, ਬਰਨਾਲਾ, ਮੋਹਾਲੀ, ਚੰਡੀਗੜ੍ਹ ਅਤੇ ਫਤਹਿਗੜ੍ਹ ਸਾਹਿਬ ਦੀਆਂ ਇਕਾਈਆਂ ਦੀ ਲੀਡਰਸ਼ਿਪ ਦੀ ਮੀਟਿੰਗ 13 ਅਕਤੂਬਰ ਨੂੰ ਪਟਿਆਲਾ ਵਿਖੇ ਕੀਤੀ ਗਈ। ਇਸ ਮੀਟਿੰਗ ਵਿਚ ਸੀ ਪੀ ਆਈ ਪੰਜਾਬ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਅਤੇ ਕੌਮੀ ਕੌਂਸਲ ਮੈਂਬਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਹ ਮੀਟਿੰਗ ● ਬਾਕੀ ਸਫ਼ਾ 2 'ਤੇ


*ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਹਿ,*
*ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥*

ਆਪ ਜੀ ਨੂੰ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ
ਕਿ ਸਾਡੇ ਸਤਿਕਾਰਯੋਗ ਮਾਤਾ ਜੀ



ਸਰਦਾਰਨੀ ਜਸਮੇਲ ਕੌਰ ਧਾਲੀਵਾਲ
(ਧਰਮ ਪਤਨੀ ਸ. ਅਮਰ ਸਿੰਘ ਨੰਬਰਦਾਰ
ਬੀੜ ਚਾਹਲ, ਫਰੀਦਕੋਟ)

ਜੋ ਕਿ ਮਿਤੀ 8 ਅਕਤੂਬਰ 2024 ਦਿਨ ਮੰਗਲਵਾਰ ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਪ੍ਰਭੂ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ, ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

ਪਾਠ ਦਾ ਭੋਗ

17 ਅਕਤੂਬਰ 2024 ਨੂੰ ਦੁਪਹਿਰ 12:00 ਵਜੇ ਤੋਂ 1:00 ਵਜੇ ਤੱਕ
ਵਿਸ਼ਵਕਰਮਾ ਭਵਨ ਸਾਹਮਣੇ ਆਈ.ਟੀ.ਆਈ. ਮੋਗਾ ਵਿਖੇ ਪਵੇਗਾ।
ਸੋ ਆਪ ਜੀ ਨੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ
ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ।

ਦੁਖੀ ਹਿਰਦੇ

ਅਮਰ ਸਿੰਘ ਧਾਲੀਵਾਲ (ਨੰਬਰਦਾਰ ਬੀੜ ਚਹਿਲ)
ਦਰਸ਼ਨ ਸਿੰਘ ਧਾਲੀਵਾਲ
ਅਜਮੇਰ ਸਿੰਘ ਧਾਲੀਵਾਲ
ਸ਼ਮਸ਼ੇਰ ਸਿੰਘ ਧਾਲੀਵਾਲ
ਐੱਸ. ਪੀ. ਜਤਿੰਦਰ ਸਿੰਘ ਬੈਨੀਪਾਲ
ਡਾ. ਨਰਿੰਦਰ ਸਿੰਘ (ਨਿੰਦੀ)
ਡਾਇਰੈਕਟਰ ਐਗਰੀ. ਮੋਹਾਲੀ

ਵੱਲੋਂ : ਗਰੀਨ ਸਿਟੀ, ਮੋਗਾ






ਪੰਜਾਬ ਸਰਕਾਰ
ਵੱਲੋਂ
ਸਮੂਹ ਪੰਜਾਬ ਵਾਸੀਆਂ ਨੂੰ
ਪਹਿਲੇ ਸਿੱਖ ਰਾਜ ਦੇ ਸੰਸਥਾਪਕ ਅਤੇ ਜ਼ਿਮੀਂਦਾਰੀ ਪ੍ਰਥਾ ਖ਼ਤਮ
ਕਰਕੇ ਕਾਸ਼ਤਕਾਰਾਂ ਨੂੰ ਮਾਲਕਾਨਾ ਹੱਕ ਦੇਣ ਵਾਲੇ

ਮਹਾਨ ਸਿੱਖ ਯੋਧੇ
ਬਾਬਾ ਬੰਦਾ ਸਿੰਘ ਬਹਾਦਰ ਜੀ
ਦੇ
354ਵੇਂ ਜਨਮ ਦਿਵਸ
ਮੌਕੇ ਲੱਖ-ਲੱਖ ਵਧਾਈਆਂ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

16-Oct-PAGE-3-advt-2024.qxd 10/15/2024 10:27 PM Page 1



हरियाणा सरकार

"मुझे विश्वास है कि विकसित भारत के संकल्प में हरियाणा की भूमिका और महत्वपूर्ण होने जा रही है।"
- नरेन्द्र मोदी



ਪ੍ਰਧਾਨ ਮੰਤਰੀ
ਸ਼੍ਰੀ ਨਰਿੰਦਰ ਮੋਦੀ
ਦੀ ਮੌਜੂਦਗੀ ਵਿਚ

ਸਹੁੰ ਚੁੱਕ ਸਮਾਗਮ

ਆਪ ਸਭ ਨੂੰ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

ਮਿਤੀ: ਅਕਤੂਬਰ 17, 2024 | ਸਮਾਂ: ਸਵੇਰੇ 11 ਵਜੇ
ਸਥਾਨ: ਦੁਸਹਿਰਾ ਗਰਾਊਂਡ, ਸੈਕਟਰ-5, ਪੰਚਕੂਲਾ

ਫਿਰ ਇਕ ਵਾਰ,
ਡਬਲ ਇੰਜਣ ਸਰਕਾਰ

ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ www.prharyana.gov.in | Follow us on @diprharyana

ਨਵਾਂ ਜ਼ਮਾਨਾ
ਬੁੱਧਵਾਰ, 16 ਅਕਤੂਬਰ 2024

# ਭਾਜਪਾਈ ਡਾਕਟਰ

ਯੂ ਪੀ ਦੇ ਮੰਤਰੀ ਸੰਜੇ ਸਿੰਘ ਗੰਗਵਾਰ ਨੇ ਬੀਤੇ ਦਿਨ ਪੀਲੀਭੀਤ ਦੇ ਨੌਗਵਾ ਪਕੜੀਆ 'ਚ ਗਊਸ਼ਾਲਾ ਦਾ ਉਦਘਾਟਨ ਕਰਦਿਆਂ ਦਿਲਚਸਪ ਡਾਕਟਰੀ ਨੁਕਤੇ ਦੱਸੇ। ਉਨ੍ਹਾ ਕਿਹਾ ਕਿ ਜੇ ਕੋਈ ਗਊਸ਼ਾਲਾ ਨੂੰ ਸਾਫ ਕਰਨ ਤੋਂ ਬਾਅਦ ਉੱਥੇ ਲੇਟ ਜਾਵੇ ਤਾਂ ਕੈਂਸਰ ਠੀਕ ਹੋ ਸਕਦਾ ਹੈ। ਬਲੱਡ ਪ੍ਰੈਸ਼ਰ ਦਾ ਮਰੀਜ਼ ਜੇ ਗਊ ਦੀ ਪਿੱਠ 'ਤੇ ਹੱਥ ਫੇਰਦਾ ਹੈ ਤਾਂ ਜੇ ਉਹ ਬਲੱਡ ਪ੍ਰੈਸ਼ਰ ਦੀ 20 ਐੱਮ ਜੀ ਦੀ ਗੋਲੀ ਖਾਂਦਾ ਹੈ, 10 ਐੱਮ ਜੀ 'ਤੇ ਆ ਜਾਵੇਗਾ। ਇਹ ਸਿਰਫ ਦਸ ਦਿਨਾਂ ਵਿਚ ਹੀ ਹੋ ਜਾਵੇਗਾ। ਪਾਥੀਆਂ ਬਾਲਣ ਨਾਲ ਮੱਛਰ ਭੱਜ ਜਾਂਦੇ ਹਨ। ਗਊ ਵਿੱਚ ਪੂਰਾ ਬ੍ਰਹਿਮੰਡ ਸ਼ਾਮਲ ਹੈ। ਖੇਤਾਂ ਵਿੱਚ ਅਵਾਰਾ ਪਸ਼ੂ ਇਸ ਕਰਕੇ ਘੁੰਮ ਰਹੇ ਹਨ ਕਿਉਂਕਿ ਕਿਸਾਨ ਗਊਆਂ ਦਾ ਪੂਰਾ ਸਨਮਾਨ ਨਹੀਂ ਕਰਦੇ। ਮੁਸਲਮਾਨਾਂ ਨੂੰ ਗਊਸ਼ਾਲਾ ਵਿੱਚ ਆਉਣ ਦੀ ਸਲਾਹ ਦਿੰਦਿਆਂ ਕਿਹਾ ਕਿ ਈਦ 'ਤੇ ਸੇਵੀਆਂ ਗਊ ਦੇ ਦੁੱਧ ਦੀਆਂ ਬਣਾਉਣੀਆਂ ਚਾਹੀਦੀਆਂ ਹਨ।

ਭਾਜਪਾ ਦੇ ਪੱਛਮੀ ਬੰਗਾਲ ਦੇ ਸਾਬਕਾ ਪ੍ਰਧਾਨ ਦਲੀਪ ਘੋਸ਼ ਨੇ ਕੁਝ ਸਾਲ ਪਹਿਲਾਂ ਕਿਹਾ ਸੀ ਕਿ ਦੇਸੀ ਗਊਆਂ ਦੇ ਦੁੱਧ ਵਿੱਚ ਸੋਨਾ ਹੁੰਦਾ ਹੈ। ਦੇਸੀ ਗਊਆਂ ਦੀ ਢੂਠ 'ਤੇ ਜਦੋਂ ਸੂਰਜ ਦੀ ਰੌਸ਼ਨੀ ਪੈਂਦੀ ਹੈ ਤਾਂ ਸੋਨਾ ਪੈਦਾ ਕਰਦੀ ਹੈ। ਦੇਸੀ ਗਊ ਦਾ ਦੁੱਧ ਇਸੇ ਕਰਕੇ ਹਲਕਾ ਸੁਨਹਿਰੀ ਹੁੰਦਾ ਹੈ ਜਦਕਿ ਵਲੈਤੀ ਗਊਆਂ ਦਾ ਦੁੱਧ ਇਸ ਕਰਕੇ ਸੁਨਹਿਰੀ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਦੀ ਢੂੱਠ ਨਹੀਂ ਹੁੰਦੀ। ਆਸਾਮ ਦੇ ਇੱਕ ਭਾਜਪਾ ਆਗੂ ਨੇ ਕਿਹਾ ਸੀ ਕਿ ਜੇ ਕ੍ਰਿਸ਼ਨ ਵਾਂਗ ਬਾਂਸੁਰੀ ਵਜਾਓ ਤਾਂ ਗਊ ਵੱਧ ਦੁੱਧ ਦਿੰਦੀ ਹੈ। ਭੋਪਾਲ ਤੋਂ ਭਾਜਪਾ ਸਾਂਸਦ ਰਹੀ ਪ੍ਰਗਿਆ ਠਾਕੁਰ ਨੇ ਦਾਅਵਾ ਕੀਤਾ ਸੀ ਕਿ ਗਊ ਮੂਤਰ ਪੀਣ ਨਾਲ ਉਸ ਨੂੰ ਕੈਂਸਰ ਤੋਂ ਛੁਟਕਾਰਾ ਮਿਲ ਗਿਆ। ਉੱਤਰਾਖੰਡ ਦੇ ਵੇਲੇ ਦੇ ਭਾਜਪਾ ਮੁੱਖ ਮੰਤਰੀ ਤ੍ਰਿਵੇਂਦਰ ਸਿੰਘ ਰਾਵਤ ਨੇ ਦਾਅਵਾ ਕੀਤਾ ਸੀ ਕਿ ਗਊ ਹੀ ਇੱਕੋ ਇੱਕ ਪ੍ਰਾਣੀ ਹੈ ਜਿਹੜੀ ਆਕਸੀਜਨ ਗ੍ਰਹਿਣ ਕਰਦੀ ਤੇ ਆਕਸੀਜਨ ਛੱਡਦੀ ਹੈ। ਅੱਠ ਸਾਲ ਪਹਿਲਾਂ ਆਰ ਐੱਸ ਐੱਸ ਨਾਲ ਸੰਬੰਧਤ ਅਖਿਲ ਭਾਰਤੀ ਗਊ ਸੇਵਾ ਸੰਘ ਦੇ ਪ੍ਰਧਾਨ ਸ਼ੰਕਰ ਲਾਲ ਨੇ ਕਿਹਾ ਸੀ ਕਿ ਗਊ ਦੇ ਗੋਹੇ ਨਾਲ ਰੈਡੀਏਸ਼ਨ ਤੋਂ ਬਚਾਅ ਹੁੰਦਾ ਹੈ। ਉਹ ਤੇ ਆਰ ਐੱਸ ਐੱਸ ਦੇ ਹੋਰ ਵਰਕਰ ਮੋਬਾਇਲ ਫੋਨਾਂ ਦੇ ਪਿੱਛੇ ਗਊ ਦਾ ਗੋਹਾ ਲਾਉਂਦੇ ਹਨ ਤਾਂ ਕਿ ਰੈਡੀਏਸ਼ਨ ਤੋਂ ਬਚਾਅ ਹੋਵੇ। ਅਜਿਹੀਆਂ ਗੈਰ-ਵਿਗਿਆਨਕ ਗੱਲਾਂ ਉਸ ਪਾਰਟੀ ਦੇ ਆਗੂ ਕਰਦੇ ਹਨ, ਜਿਸ ਦਾ ਆਗੂ ਦੇਸ਼ ਨੂੰ ਚੰਨ ਤੋਂ ਵੀ ਪਰੇ ਲਿਜਾਣ ਦੇ ਦਾਅਵੇ ਕਰਦਾ ਹੈ।

## ਆਤਮਹੱਤਿਆ ਨਹੀਂ ਕਿਸੇ ਮਸਲੇ ਦਾ ਹੱਲ ਨਹੀਂ

**ਸੰਜੀਵ ਸਿੰਘ ਸੈਣੀ**

ਜ਼ਿੰਦਗੀ ਸਾਨੂੰ ਜਿਊਣ ਲਈ ਮਿਲੀ ਹੈ ।ਹਾਲਾਤ ਚਾਹੇ ਕਿੰਨੇ ਵੀ ਔਖੇ ਕਿਉਂ ਨਾ ਬਣ ਜਾਣ, ਆਪਣੇ ਆਪ ਨੂੰ ਖ਼ਤਮ ਕਰ ਦੇਣਾ ਸਹੀ ਨਹੀਂ ਹੁੰਦਾ।ਪ੍ਰਮਾਤਮਾ ਨੇ ਸੋਹਣੀ ਕਾਇਨਾਤ ਦੀ ਸਿਰਜਣਾ ਕੀਤੀ ਹੈ। ਸਿਰਫ਼ ਇਨਸਾਨ ਕੋਲ ਹੀ ਆਪਣੇ ਚੰਗੇ-ਮਾੜੇ ਦੀ ਪਰਖ਼ ਕਰਨ ਦੀ ਲਿਆਕਤ ਹੈ । ਜ਼ਿੰਦਗੀ ਖ਼ੂਬਸੂਰਤ ਹੈ । ਇਸ ਜ਼ਿੰਦਗੀ ਵਿੱਚ ਉਤਾਰ-ਚੜ੍ਹਾਅ ਆਉਂਦੇ ਰਹਿੰਦੇ ਹਨ । ਜਦੋਂ ਕੋਈ ਦੁੱਖ ਆਉਂਦਾ ਹੈ, ਉਸ ਦੀ ਵੀ ਇੱਕ ਸੀਮਾ ਹੁੰਦੀ ਹੈ ।ਥੋੜ੍ਹਾ ਸਮਾਂ ਖਰਾਬ ਹੋ ਸਕਦਾ ਹੈ, ਪਰ ਸਾਰੀ ਜ਼ਿੰਦਗੀ ਖ਼ਰਾਬ ਨਹੀਂ ਹੋ ਸਕਦੀ। ਨਿਮਰਤਾ, ਪ੍ਰੀਤ, ਪਿਆਰ ਤੇ ਸਤਿਕਾਰ ਮਨੁੱਖੀ ਜੀਵਨ ਦੇ ਗਹਿਣੇ ਹਨ । ਸਕਾਰਾਤਮਕ ਸੋਚ ਰੱਖਣੀ ਚਾਹੀਦੀ ਹੈ। ਹਰ ਇਨਸਾਨ ਦੀ ਜ਼ਿੰਦਗੀ ਵਿੱਚ ਕਦੇ ਨਾ ਕਦੇ ਨਿਰਾਸ਼ਾ ਭਰਿਆ ਸਮਾਂ ਜ਼ਰੂਰ ਆ ਜਾਂਦਾ ਹੈ। ਫਿਰ ਉਸ ਨੂੰ ਕਿਸੇ ਪਾਸੋਂ ਤੋਂ ਉਮੀਦ ਨਹੀਂ ਰਹਿੰਦੀ। ਇਸ ਦਾ ਮਤਲਬ ਇਹ ਨਹੀਂ ਕਿ ਜ਼ਿੰਦਗੀ ਇੱਥੇ ਹੀ ਖ਼ਤਮ ਹੋ ਗਈ ਹੈ। ਚੁਣੌਤੀਆਂ ਦਾ ਡਟ ਕੇ ਸਾਹਮਣਾ ਕਰਨਾ ਚਾਹੀਦਾ ਹੈ।

ਦਿਨ ਪ੍ਰਤੀ ਦਿਨ ਅਸੀਂ ਆਪਣੇ ਆਲੇ-ਦੁਆਲੇ, ਅਖਬਾਰਾਂ ਵਿੱਚ ਖ਼ੁਦਕੁਸ਼ੀ ਕਰਨ ਦੀਆਂ ਖ਼ਬਰਾਂ ਆਮ ਸੁਣਦੇ ਹਾਂ। ਹਾਲ ਹੀ ਵਿੱਚ ਖ਼ਬਰ ਪੜ੍ਹੀ ਕਿ ਇੱਕ ਐਮ ਬੀ ਬੀ ਐੱਸ ਡਾਕਟਰ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ । ਮੈਡੀਕਲ ਕਾਲਜ ਵਿੱਚ ਇਹ ਕੁੜੀ ਇੰਟਰਨਸ਼ਿਪ ਕਰ ਰਹੀ ਸੀ। ਖਬਰਾਂ ਮੁਤਾਬਕ ਲੜਕੀ ਐਮਬੀਬੀਐਸ ਤੋਂ ਬਾਅਦ ਐਮਡੀ ਦੀ ਤਿਆਰੀ ਕਰ ਰਹੀ ਸੀ, ਜਿਸ ਕਾਰਨ ਉਹ ਕਾਫ਼ੀ ਤਣਾਅ ਵਿੱਚ ਸੀ । ਦੇਖੋ ਮਾਂ-ਬਾਪ ਦੇ ਕਿੰਨੇ ਸੁਪਨੇ ਹੋਣੇ ਕਿ ਸਾਡੀ ਬੇਟੀ ਵੱਡੀ ਡਾਕਟਰ ਬਣੇਗੀ । ਲੋਕਾਂ ਦਾ ਇਲਾਜ ਕਰੇਗੀ। ਅੱਜ ਕਿਹੜੇ ਹਾਲਾਤ ਵਿੱਚ ਮਾਂ-ਬਾਪ ਨੂੰ ਖੜ੍ਹਾ ਕਰ ਦਿੱਤਾ ? ਕਿਹੋ ਜਿਹਾ ਸਮਾਂ ਆ ਚੁੱਕਾ ਹੈ ਕਿ ਲੋਕਾਂ ਵਿੱਚ ਸ਼ਹਿਣਸ਼ੀਲਤਾ ਨਹੀਂ ਰਹੀ । ਬੱਚੇ ਕਿਉਂ ਮਾਂ-ਬਾਪ ਨਾਲ ਆਪਣੇ ਦਿਲ ਦੀ ਗੱਲ ਨਹੀਂ ਕਰ ਪਾਉਂਦੇ ? ਹਾਲ ਹੀ ਵਿੱਚ ਨੀਟ ਟਾਪਰ ਨੇ ਖੁਦਕੁਸ਼ੀ ਕੀਤੀ ਹੈ ।

ਕੋਈ ਆਪਣੇ ਘਰੇਲੂ ਝਗੜੇ ਕਾਰਨ ਤੇ ਕੋਈ ਆਪਣੇ ਦਫ਼ਤਰਾਂ ਵਿੱਚ ਸੀਨੀਅਰਾਂ ਕਰਕੇ ਖੁਦਕੁਸ਼ੀ ਕਰ ਰਿਹਾ ਹੈ। ਇੱਕ ਹੋਰ 25 ਸਾਲ ਨੌਜਵਾਨ ਨੇ ਫਾਹਾ ਲੈ ਕੇ ਖੁਦਕੁਸ਼ੀ ਕੀਤੀ। ਇਹ ਨੌਜਵਾਨ ਇਮੀਗ੍ਰੇਸ਼ਨ ਦੇ ਦਫਤਰ 'ਚ ਕੰਮ ਕਰਦਾ ਸੀ ਤੇ ਇਮੀਗ੍ਰੇਸ਼ਨ ਮਾਲਕ ਵੱਲੋਂ ਉਸ ਨੂੰ ਤੰਗ-ਪਰੇਸ਼ਾਨ ਕੀਤਾ ਜਾ ਰਿਹਾ ਸੀ । ਪੁਲਸ ਕਾਰਵਾਈ ਹੋਈ ।ਉਧਰ ਇਮੀਗ੍ਰੇਸ਼ਨ ਦਫ਼ਤਰ ਦੇ ਮਾਲਕਾਂ ਨੇ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਕਿ ਉਕਤ ਨੌਜਵਾਨ ਨੇ ਦਫ਼ਤਰ ਵਿੱਚ ਕੰਮ ਕਰਾਉਣ ਆਉਂਦੇ ਲੋਕਾਂ ਨਾਲ ਠੱਗੀ ਮਾਰੀ ਸੀ ।

ਖੁਦਕੁਸ਼ੀ ਕਿਸੇ ਸਮੱਸਿਆ ਦਾ ਹੱਲ ਨਹੀਂ। ਇੱਕ ਹੋਰ ਖ਼ਬਰ ਸੁਣਨ ਨੂੰ ਮਿਲੀ ਕਿ ਇੱਕ ਲੜਕੀ ਨੇ ਮਤਰੇਈ ਮਾਂ ਦੇ ਵਿਹਾਰ ਤੋਂ ਤੰਗ ਆ ਕੇ ਫਾਹਾ ਲੈ ਲਿਆ । ਅਕਸਰ ਪਰਵਾਰਾਂ ਵਿੱਚ ਤਕਰਾਰ ਹੋ ਜਾਂਦਾ ਹੈ । ਇੱਕ ਹੋਰ ਖ਼ਬਰ ਸੁਣਨ ਨੂੰ ਮਿਲੀ ਕਿ ਇੱਕ ਔਰਤ ਨੇ ਆਪਣੇ ਹੀ ਪਿੰਡ ਦੇ ਪਤੀ-ਪਤਨੀ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਲਈ। ਕੋਈ ਜ਼ਹਿਰੀਲੀ ਚੀਜ਼ ਖਾ ਕੇ ਉਸ ਨੇ ਆਪਣੀ ਜੀਵਨ ਲੀਲ੍ਹਾ ਖ਼ਤਮ ਕਰ ਲਈ। ਚੇਤੇ ਕਰਵਾ ਦੇਈਏ ਕਿ ਜ਼ਿੰਦਗੀ ਸਾਨੂੰ ਇੱਕ ਵਾਰ ਮਿਲੀ ਹੈ, ਵਾਰ-ਵਾਰ ਨਹੀਂ ਮਿਲਦੀ।

ਹਾਲ ਹੀ ਵਿੱਚ ਜਨਤਕ ਹੋਈ ਰਿਪੋਰਟ ਮੁਤਾਬਕ 18 ਤੋਂ 30 ਸਾਲ ਤੱਕ ਦੇ ਲੋਕ ਸਭ ਤੋਂ ਜ਼ਿਆਦਾ ਆਤਮ ਹੱਤਿਆ ਕਰਦੇ ਹਨ । 30 ਤੋਂ 45 ਸਾਲ ਦੇ ਲੋਕ ਨੌਕਰੀ ਨਾ ਮਿਲਣ ਕਾਰਨ, ਘਰੇਲੂ ਤੰਗੀ, ਕਲੇਸ਼ ਕਾਰਨ ਆਤਮ ਹੱਤਿਆ ਕਰ ਲੈਂਦੇ ਹਨ। ਇਸ ਉਮਰ ਦੇ ਆਦਮੀ ਸਭ ਤੋਂ ਜ਼ਿਆਦਾ ਆਤਮ ਹੱਤਿਆ ਕਰਦੇ ਹਨ। ਰਿਪੋਰਟ ਮੁਤਾਬਕ ਮਹਾਰਾਸ਼ਟਰ ਦੇ ਕਿਸਾਨਾਂ ਨੇ ਹੁਣ ਤੱਕ ਸਭ ਤੋਂ ਵੱਧ ਆਤਮ ਹੱਤਿਆ ਕੀਤੀ ਹੈ। ਦੂਜੇ ਨੰਬਰ 'ਤੇ ਕਰਨਾਟਕਾ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਤੇ ਮੱਧ ਪ੍ਰਦੇਸ਼ ਰਹੇ ਹਨ। ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿੱਚ ਵੀ ਕਿਸਾਨਾਂ ਵੱਲੋਂ ਲਗਾਤਾਰ ਖੁਦਕੁਸ਼ੀਆਂ ਕੀਤੀਆਂ ਜਾ ਰਹੀਆਂ ਹਨ। ਕਰਜ਼ੇ ਦੀ ਪੰਡ ਏਨੀ ਭਾਰੀ ਹੋ ਚੁੱਕੀ ਹੈ ਕਿ ਉਸ ਨੂੰ ਫਿਰ ਕੁਝ ਵੀ ਨਹੀਂ ਦਿਸਦਾ । ਹਾਲਾਤ ਤੋਂ ਬੇਵੱਸ ਹੋ ਕੇ ਅੱਜ ਕਿਸਾਨ ਇਸ ਰਾਹ ਪੈ ਚੁੱਕਾ ਹੈ। ਜੇ ਵਿਦਿਆਰਥੀ ਵਰਗ ਦੀ ਗੱਲ ਕਰੀਏ ਤਾਂ ਮਹਾਰਾਸ਼ਟਰ ਦੇ ਵਿਦਿਆਰਥੀ ਬਹੁਤ ਆਤਮ ਹੱਤਿਆਵਾਂ ਕਰ ਰਹੇ ਹਨ । ਹਾਲ ਹੀ ਵਿੱਚ ਰਾਜਸਥਾਨ ਦੇ ਕੋਟਾ ਸ਼ਹਿਰ ਵਿੱਚ ਮੈਡੀਕਲ ਦੀ ਤਿਆਰੀ ਕਰਨ ਵਾਲੇ ਕਾਫ਼ੀ ਬੱਚਿਆਂ ਨੇ ਇਹ ਕਦਮ ਚੁੱਕਿਆ ਹੈ। ਤਕਰੀਬਨ ਪਿਛਲੇ ਕਾਫ਼ੀ ਮਹੀਨਿਆਂ ਤੋਂ ਰਾਜਸਥਾਨ ਦਾ ਕੋਟਾ ਸ਼ਹਿਰ ਸੁਰਖੀਆਂ ਵਿੱਚ ਰਿਹਾ ਹੈ। ਵਿਦਿਆਰਥੀ ਵਰਗ ਪੰਜਾਬ ਦਾ ਵੀ ਖੁਦਕੁਸ਼ੀ ਕਰ ਰਿਹਾ ਹੈ। ਇਸ ਦੇ ਕੀ ਕਾਰਨ ਹੋ ਸਕਦੇ ਹਨ ? ਜੋ ਅੱਜ ਵਿਦਿਆਰਥੀਆਂ ਨੂੰ ਅਜਿਹਾ ਕਦਮ ਚੁੱਕਣਾ ਪੈ ਰਿਹਾ ਹੈ ।

**# ਸੰਪਰਕ : 78889-66168**

# ਪਰਾਲੀ ਦਾ ਮੁੱਦਾ-ਹਵਾ ਪ੍ਰਦੂਸ਼ਣ



ਗੁਰਮੀਤ ਸਿੰਘ ਪਲਾਹੀ

ਜਦੋਂ ਮੌਸਮ ਬਦਲਦਾ ਹੈ, ਸਰਦੀ ਦਰਵਾਜ਼ਾ ਖੜਕਾਉਂਦੀ ਹੈ, ਪਰਾਲੀ ਦਾ ਮੁੱਦਾ ਸਿਆਸੀ ਸਫਾਂ ਅਤੇ ਕੋਰਟ-ਕਚਹਿਰੀਆਂ 'ਚ ਵੱਡੀ ਚਰਚਾ ਬਣ ਜਾਂਦਾ ਹੈ।ਪਰਾਲੀ ਜਲਾਉਣ ਦੇ ਮਾਮਲੇ 'ਚ ਹਾਹਾਕਾਰ ਮਚਦੀ ਹੈ।ਦੇਸ਼ ਦੀ ਰਾਜਧਾਨੀ ਦਿੱਲੀ ਦੇ ਹਾਕਮ ਸਾਰਾ ਸਾਲ ਕੁੰਭਕਰਨ ਦੀ ਨੀਂਦ ਸੁੱਤੇ, ਸੁੱਤ-ਉਨੀਂਦੇ ਜਾਗਦੇ ਹਨ, ਫਰਮਾਨ ਜਾਰੀ ਕਰਦੇ ਹਨ, ਕਚਹਿਰੀਆਂ 'ਚ 'ਲੋਕ ਹਿਤੈਸ਼ੀ' ਰਿੱਟਾਂ ਪਾਉਂਦੇ ਹਨ, ਵੱਡੀ ਕਚਹਿਰੀ ਹੁਕਮ ਸਾਦਰ ਕਰਦੀ ਹੈ, ਪਰ ਪਰਨਾਲਾ ਉਥੇ ਦਾ ਉਥੇ ਰਹਿੰਦਾ ਹੈ ।

ਬਿਨਾਂ ਸ਼ੱਕ ਪਰਾਲੀ ਪ੍ਰਬੰਧਨ ਵੱਡਾ ਮਸਲਾ ਹੈ । ਬਹੁਤੇ ਕਿਸਾਨ ਅਗਲੀ ਫਸਲ ਦੀ ਤਿਆਰੀ ਲਈ ਇਸ ਦਾ ਸੌਖਾ ਹੱਲ ਇਸ ਨੂੰ ਜਲਾਉਣ 'ਚ ਵੇਖਦੇ ਹਨ । ਇਸ ਨਾਲ ਵੱਡਾ ਨੁਕਸਾਨ ਹੁੰਦਾ ਹੈ। ਪਰਾਲੀ ਜਲਾਉਣ ਨਾਲ ਜ਼ਮੀਨ ਦੀ ਕੁੱਖ 'ਚ ਮੌਜੂਦ ਅਨੇਕਾਂ ਲਾਭਦਾਇਕ ਸੂਖਮ ਜੀਵ-ਜੰਤੂ ਨਸ਼ਟ ਹੋ ਜਾਂਦੇ ਹਨ, ਜੋ ਖੇਤੀ ਉਪਜ ਲਈ ਸਹਾਇਕ ਹਨ ।ਇਕ ਅਧਿਐਨ ਦੇ ਅਨੁਸਾਰ ਇਕ ਟਨ ਪਰਾਲੀ ਜਲਾਉਣ 'ਚ ਜ਼ਮੀਨ ਦੀ ਕੁੱਖ ਵਿਚ ਮੌਜੂਦ 5.5 ਕਿਲੋਗ੍ਰਾਮ ਨਾਈਟ੍ਰੋਜਨ 2.3 ਕਿਲੋਗ੍ਰਾਮ ਫਾਸਫੋਰਸ, 25 ਕਿਲੋਗ੍ਰਾਮ ਪੋਟਾਸ਼ੀਅਮ, 1.2 ਕਿਲੋਗ੍ਰਾਮ ਸਲਫਰ ਸਮੇਤ ਹੋਰ ਲਾਭਦਾਇਕ ਪੌਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ ।ਅੰਤਰ-ਰਾਸ਼ਟਰੀ ਖਾਧ ਨੀਤੀ ਅਨੁਸੰਧਾਨ ਸੰਸਥਾ ਦੀ ਇਕ ਰਿਪੋਰਟ ਮੁਤਾਬਕ ਭਾਰਤ ਦੇ ਵੱਖੋ-ਵੱਖਰੇ ਸੂਬਿਆਂ ਵਿਚ ਪਰਾਲੀ ਜਲਾਉਣ ਨਾਲ ਲਗਭਗ 2 ਲੱਖ ਕਰੋੜ ਰੁਪਏ ਦਾ ਵਿੱਤੀ ਨੁਕਸਾਨ ਪੁੱਜਦਾ ਹੈ।

ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਨੇ 24 ਸਤੰਬਰ 2024 ਨੂੰ ਪਰਾਲੀ ਜਲਾਉਣ ਦੇ ਮੁੱਦੇ ਉੱਤੇ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀ ਏ ਕਿਊ ਐੱਮ) ਤੋਂ ਜਵਾਬ-ਤਲਬੀ ਕੀਤੀ ਅਤੇ ਪੁੱਛਿਆ ਕਿ ਪਿਛਲੇ ਹੁਕਮਾਂ ਦੀ ਤਾਮੀਲ ਕਿਉਂ ਨਹੀਂ ਕੀਤੀ ਗਈ ਅਤੇ 15 ਸਤੰਬਰ ਦੇ ਹਫ਼ਤੇ 'ਚ ਹੀ ਪਰਾਲੀ ਜਲਾਉਣ ਦੀਆਂ ਘਟਨਾਵਾਂ 'ਚ ਵਾਧਾ ਕਿਉਂ ਹੋਇਆ । ਸੀ ਏ ਕਿਊ ਐੱਮ ਐਕਟ ਦੀ ਧਾਰਾ-14 ਅਧੀਨ ਸਤੰਬਰ ਅਧਿਕਾਰੀਆਂ ਕਰਮਚਾਰੀਆਂ ਖਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ, ਜੋ ਪਰਾਲੀ ਸਾੜਨ ਦੇ ਮਾਮਲੇ 'ਚ ਜ਼ੁੰਮੇਵਾਰ ਹਨ । ਅਦਾਲਤ ਨੇ ਪੰਜਾਬ-ਹਰਿਆਣਾ ਸਰਕਾਰਾਂ ਨੂੰ ਵੀ ਫਿਟਕਾਰ ਲਗਾਈ ਕਿ ਉਨ੍ਹਾਂ ਕਿਸਾਨਾਂ ਵਿਰੁੱਧ ਪਰਾਲੀ ਜਲਾਉਣ ਦੇ ਅਮਲ 'ਚ ਕਠੋਰ ਕਾਰਵਾਈ ਕਿਉਂ ਨਹੀਂ ਕੀਤੀ।

ਅਸਲ ਵਿਚ ਵਰ੍ਹਿਆਂ ਤੋਂ ਸਰਕਾਰਾਂ ਚੁੱਪ ਹਨ। ਕਿਸਾਨਾਂ ਦੇ ਇਸ ਗੰਭੀਰ ਮਸਲੇ ਦਾ ਹੱਲ ਕਰਨ ਤੋਂ ਅਸਮਰਥ ਹਨ। ਜਿਹੜੇ ਨਿੱਕੇ-ਮੋਟੇ ਯਤਨ ਪਰਾਲੀ ਪ੍ਰਬੰਧਨ ਲਈ ਕੀਤੇ ਜਾਂਦੇ ਹਨ, ਉਹ ਸਹੀ ਅਰਥਾਂ 'ਚ 'ਸਰਕਾਰੀ ਸਕੀਮਾਂ' ਵਾਂਗ ਕਿਸਾਨਾਂ ਦੇ ਦਰ 'ਤੇ ਨਹੀਂ ਪੁੱਜਦੇ, ਜਦਕਿ ਬਹੁਤ ਸਾਰੀਆਂ ਸਕੀਮਾਂ ਬਣਦੀਆਂ ਹਨ, ਵਿੱਤੀ ਸਾਧਨਾਂ ਦੀ ਘਾਟ ਕਰਕੇ ਉਹ ਸਾਰੀਆਂ ਧਰੀਆਂ-ਧਰਾਈਆਂ ਰਹਿ ਜਾਂਦੀਆਂ ਹਨ।

ਪਰਾਲੀ ਜਲਾਉਣ ਨਾਲ ਵਾਤਾਵਰਨ ਵਿਗੜਦਾ ਹੈ, ਪ੍ਰਦੂਸ਼ਤ ਹੁੰਦਾ ਹੈ। ਉਸ ਦਾ ਸਿਹਤ ਉੱਤੇ ਅਸਰ ਪੈਂਦਾ ਹੈ, ਸਿਰਫ਼ ਮਨੁੱਖੀ ਸਰੀਰ ਉੱਤੇ ਹੀ ਨਹੀਂ, ਸਗੋਂ ਹੋਰ ਜੀਵ-ਜਾਨਵਰਾਂ ਉੱਤੇ ਵੀ। ਸਰਦੀਆਂ ਦੇ ਸ਼ੁਰੂਆਤੀ ਦਿਨਾਂ 'ਚ ਇਸ ਪ੍ਰਦੂਸ਼ਣ ਵਾਧੇ ਨਾਲ ਸਾਹ ਘੁੱਟਣ ਲੱਗਦਾ ਹੈ । 24 ਸਤੰਬਰ ਤੱਕ ਦਿੱਲੀ ਖੇਤਰ ਵਿਚ ਹਵਾ ਦਾ ਗੁਣਵੱਤਾ ਅੰਸ਼ 203 ਦਰਜ ਕੀਤਾ ਗਿਆ ਅਤੇ ਇਸ ਵਾਧੇ ਦਾ ਕਾਰਨ ਪੰਜਾਬ-ਹਰਿਆਣਾ 'ਚ ਪਰਾਲੀ ਜਲਾਉਣ ਦੇ ਮਾਮਲੇ ਨੂੰ ਮਿਥਿਆ ਜਾ ਰਿਹਾ ਹੈ ।

ਵੇਖਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਕੀ ਸਿਰਫ਼ ਪਰਾਲੀ ਜਲਾਉਣ ਨਾਲ ਹੀ ਹਵਾ ਪ੍ਰਦੂਸ਼ਣ ਹੁੰਦਾ ਹੈ। ਦਿੱਲੀ, ਹੋਰ ਵੱਡੇ ਸ਼ਹਿਰਾਂ 'ਚ ਚੱਲਦੇ ਵਾਹਨ : ਮੋਟਰ, ਗੱਡੀਆਂ, ਟਰੱਕ, ਕਾਰਾਂ, ਇਹਨਾਂ ਖੇਤਰਾਂ 'ਚ ਲੱਗੀਆਂ ਫੈਕਟਰੀਆਂ ਬੇਇੰਤਹਾ ਬਿਨਾਂ ਰੋਕ-ਟੋਕ ਪ੍ਰਦੂਸ਼ਨ ਪੈਦਾ ਕਰਦੀਆਂ ਹਨ। ਉਹਨਾਂ ਦੀ ਨਿਗਰਾਨੀ ਕਰਨ ਤੋਂ ਸ਼ਾਸਨ, ਪ੍ਰਸ਼ਾਸਨ, ਸਰਕਾਰੀ ਸੰਸਥਾਵਾਂ ਆਖਿਰ ਚੁੱਪੀ ਕਿਉਂ ਵੱਟੀ ਬੈਠਦੀਆਂ ਹਨ। ਇਹਨਾਂ ਦਿਨਾਂ 'ਚ ਹੁੰਦੇ ਧਾਰਮਕ ਸਮਾਗਮਾਂ ਦੁਸਹਿਰਾ, ਦੀਵਾਲੀ ਤੇ ਹੋਰ ਤਿਉਹਾਰਾਂ 'ਤੇ ਹੁੰਦੀ ਪਟਾਕੇਬਾਜ਼ੀ ਵੱਡੇ ਹਵਾ ਪ੍ਰਦੂਸ਼ਨ ਦਾ ਕਾਰਨ ਬਣਦੀ ਹੈ । ਕੋਇਲਾ ਥਰਮਲ ਪਲਾਂਟ ਹਵਾ ਪ੍ਰਦੂਸ਼ਨ ਦਾ ਕਾਰਨ ਬਣਦੇ ਹਨ ।

ਹਵਾ ਪ੍ਰਦੂਸ਼ਨ ਦੇ ਮਾਮਲੇ 'ਤੇ ਜਾਣਕਾਰੀ ਅਨੁਸਾਰ ਹੋਰ ਸ਼ਹਿਰਾਂ ਦੇ ਮੁਕਾਬਲੇ ਦਿੱਲੀ 'ਚ ਹਵਾ ਪ੍ਰਦੂਸ਼ਨ ਦੀ ਵੱਧ ਮਾਰ ਪੈ ਰਹੀ ਹੈ । ਇਸ ਪ੍ਰਦੂਸ਼ਨ ਨਾਲ ਦਿੱਲੀ ਵਾਸੀਆਂ ਦੀ ਉਮਰ 'ਚ ਸਾਢੇ ਛੇ ਸਾਲ ਦੀ ਕਮੀ ਆਈ ਹੈ । ਹਵਾ ਪ੍ਰਦੂਸ਼ਨ ਜਦੋਂ ਕਾਰਬਨ ਮੋਨੋਆਕਸਾਈਡ, ਕਾਰਬਨ ਡਾਈਆਕਸਾਈਡ, ਮੀਥੇਨ, ਹਾਈਡਰੋਕਾਰਬਨ ਜਿਹੀਆਂ ਜ਼ਹਿਰੀਲੀਆਂ ਗੈਸਾਂ ਪੈਦਾ ਕਰਦਾ ਹੈ ਤਾਂ ਦਮੇ, ਦਿਲ ਅਤੇ ਕੈਂਸਰ ਦੇ ਰੋਗੀਆਂ ਨੂੰ ਵੱਧ ਅਸਰ ਕਰਦਾ ਹੈ ਅਤੇ ਇਹਦਾ ਸ਼ਿਕਾਰ ਬਜ਼ੁਰਗ ਅਤੇ ਬੱਚੇ ਜ਼ਿਆਦਾ ਹੁੰਦੇ ਹਨ ।

ਸਾਇੰਸਦਾਨਾਂ ਦਾ ਕਹਿਣਾ ਹੈ ਕਿ ਹਵਾ ਪ੍ਰਦੂਸ਼ਣ ਦੁਨੀਆ ਦੀ ਵੱਡੀ ਸਿਹਤ ਮਹਾਂਮਾਰੀ ਹੈ। ਦੁਨੀਆ ਦੇ ਸਿਰਫ਼ 7 ਦੇਸ਼ਾਂ ਸਾਫ਼-ਸੁਥਰੀ ਹਵਾ ਵਾਲੇ ਹਨ । ਇਹਨਾਂ ਦੇਸ਼ਾਂ ਵਿਚ ਨਿਊ ਜ਼ੀਲੈਂਡ, ਫਿਨਲੈਂਡ ਦੇਸ਼ ਸ਼ਾਮਲ ਹਨ । ਭਾਰਤ ਦੁਨੀਆ ਦੇ 134 ਦੇਸ਼ਾਂ ਵਿਚੋਂ ਬੰਗਲਾਦੇਸ਼, ਪਾਕਿਸਤਾਨ ਤੋਂ ਬਾਅਦ ਤੀਜੇ ਨੰਬਰ 'ਤੇ ਹਵਾ ਪ੍ਰਦੂਸ਼ਤ ਦੇਸ਼ ਹੈ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਪ੍ਰਮੁੱਖ 10 ਹਵਾ ਪ੍ਰਦੂਸ਼ਤ ਸ਼ਹਿਰਾਂ ਵਿਚ ਪਹਿਲੇ ਨੰਬਰ 'ਤੇ ਹੈ।

ਹਵਾ ਪ੍ਰਦੂਸ਼ਨ ਤਦ ਹੁੰਦਾ ਹੈ, ਜਦੋਂ ਹਾਨੀਕਾਰਕ ਗੈਸਾਂ ਅਤੇ ਧੂੜ ਵਾਤਾਵਰਨ 'ਚ ਬਿਖਰਦੀ ਹੈ। ਇਸ ਦੇ ਸਰੋਤਾਂ 'ਚ ਜੰਗਲਾਂ ਦੀ ਅੱਗ, ਜਵਾਲਾਮੁਖੀ ਵਿਸਫੋਟ, ਆਟੋਮੋਬਾਇਲ, ਬਿਜਲੀ ਉਪਕਰਨਾਂ ਦਾ ਜ਼ਿਆਦਾ ਯੋਗਦਾਨ ਹੈ। ਇਹ ਪ੍ਰਦੂਸ਼ਨ ਮਨੁੱਖੀ ਸਰੀਰ ਅਤੇ ਵਾਤਾਵਰਨ ਉੱਤੇ ਵਿਰੋਧੀ ਅਸਰ ਪਹੁੰਚਾਉਂਦਾ ਹੈ ।ਇਕ ਅੰਤਰਰਾਸ਼ਟਰੀ ਖੋਜ ਅਨੁਸਾਰ ਕੀਤੇ 200 ਅਧਿਐਨਾਂ ਅਨੁਸਾਰ ਵਾਹਨਾਂ ਨਾਲ ਸਭ ਤੋਂ ਵੱਧ ਪ੍ਰਦੂਸ਼ਨ ਹੁੰਦਾ ਹੈ, ਜੋ ਸਿਹਤ ਲਈ ਅਤਿਅੰਤ ਖ਼ਤਰਨਾਕ ਹੈ । ਦੁਨੀਆ ਭਰ ਵਿਚ ਚਲਦੀਆਂ ਅਰਬਾਂ ਪ੍ਰਦੂਸ਼ਨੀ ਕਾਰਾਂ ਸਿਹਤ ਦੀਆਂ ਵੱਡੀਆਂ ਦੁਸ਼ਮਣ ਹਨ। ਇਸ ਹਵਾ ਪ੍ਰਦੂਸ਼ਨ 'ਚ ਫਸਲਾਂ ਦੀ ਰਹਿੰਦ-ਖੂੰਹਦ, ਪਰਾਲੀ ਆਦਿ ਮੌਸਮੀ ਪੱਧਰ 'ਤੇ ਵੱਡਾ ਅਸਰ ਪਾਉਂਦਾ ਹੈ, ਕਿਉਂਕਿ ਵਾਹਨਾਂ ਆਦਿ ਨੂੰ ਲੋਕਾਂ ਨੇ 'ਪ੍ਰਦੂਸ਼ਨ' ਵਜੋਂ ਮਨੋਂ ਪ੍ਰਵਾਨ ਕੀਤਾ ਹੋਇਆ ਹੈ, ਪਰ ਲਗਦੀਆਂ ਅੱਗਾਂ, ਜੋ ਨਾਲੀ, ਪਰਾਲੀ, ਰਹਿੰਦ-ਖੂੰਹਦ ਕਾਰਨ ਦਿਖਦੀਆਂ ਹਨ, ਉਹ ਵੱਡੀ ਚਰਚਾ ਦਾ ਵਿਸ਼ਾ ਬਣਦੀਆਂ ਹਨ।

ਇਸ ਦਾ ਭਾਵ ਇਹ ਨਹੀਂ ਕਿ ਫਸਲੀ ਰਹਿੰਦ-ਖੂੰਹਦ ਨੂੰ ਅੱਗ ਲਾਉਣਾ ਸਹੀ ਹੈ, ਸਗੋਂ ਇਸ ਦਾ ਪ੍ਰਬੰਧਨ ਅਤਿਅੰਤ ਜ਼ਰੂਰੀ ਹੈ ਤਾਂ ਕਿ ਮਨੁੱਖੀ ਜਾਨ ਨੂੰ ਦਰਪੇਸ਼ ਖ਼ਤਰਿਆਂ 'ਤੇ ਕਾਬੂ ਪਾਇਆ ਜਾਵੇ।

ਸਰਕਾਰ ਨੇ ਪਿਛਲੇ ਵਰ੍ਹਿਆਂ ਤੋਂ ਪਰਾਲੀ ਜਲਾਉਣ ਦੇ ਮਾਮਲੇ ਦੇ ਹੱਲ ਲਈ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਯਤਨ ਕੀਤੇ ਹਨ । ਸਰਕਾਰ ਨੇ ਪਰਾਲੀ ਜਲਾਉਣ ਵਾਲੇ ਕਿਸਾਨਾਂ ਨੂੰ ਫਸਲ ਤੋਂ ਘੱਟੋ-ਘੱਟ ਕੀਮਤ ਲਾਭ ਨਾ ਦੇਣ ਦਾ ਫੈਸਲਾ ਕੀਤਾ ਹੈ । ਉਂਜ ਵੀ ਪਰਾਲੀ ਜਲਾਉਣ ਦੇ ਕੇਸਾਂ ਨੂੰ ਘੱਟ ਕਰਨ ਲਈ ਸੈਟੇਲਾਇਟ ਨਿਗਰਾਨੀ ਕੀਤੀ ਜਾਂਦੀ ਹੈ ।

ਪਰਾਲੀ ਜਲਾਉਣ ਦਾ ਹੱਲ ਸਿਰਫ਼ ਸਰਕਾਰ ਹੀ ਨਹੀਂ ਕਰ ਸਕਦੀ, ਇਸ ਵਾਸਤੇ ਨਿੱਠ ਕੇ ਸਾਂਝੇ ਯਤਨਾਂ ਦੀ ਲੋੜ ਹੈ । ਕਿਸਾਨਾਂ ਨੂੰ ਵੀ ਜਾਗਰੂਕ ਹੋਣਾ ਪਵੇਗਾ ਕਿ ਪਰਾਲੀ ਜਲਾਉਣਾ ਉਹਨਾਂ ਦੀ ਜ਼ਮੀਨ ਲਈ ਹਾਨੀਕਾਰਕ ਹੈ । ਝੋਨੇ ਦੀਆਂ ਸੁਧਰੀਆਂ ਕਿਸਮਾਂ, ਜੋ ਪਰਾਲੀ ਘੱਟ ਪੈਦਾ ਕਰਨ, ਲਗਾਉਣ ਦੀ ਜ਼ਰੂਰਤ ਹੋਏਗੀ । ਧਾਨ ਦੀ ਸਿੱਧੀ ਬਿਜਾਈ ਇਸ ਕੰਮ ਲਈ ਸਹਾਈ ਹੋ ਸਕਦੀ ਹੈ । ਪਰਾਲੀ ਦੇ ਬੰਡਲ ਬਣਾ ਕੇ ਇਹ ਥਰਮਲ ਪਲਾਂਟਾਂ ਵਿਚ ਵਰਤੇ ਜਾ ਸਕਦੇ ਹਨ । ਇਸ ਪਰਾਲੀ ਵਿਚ ਗੋਬਰ ਮਿਲਾ ਕੇ ਖਾਦ ਬਣਾਈ ਜਾ ਸਕਦੀ ਹੈ । ਗੋਬਰ ਗੈਸ ਪਲਾਂਟਾਂ 'ਚ ਇਸ ਦੀ ਵਰਤੋਂ ਸਹਾਇਕ ਸਿੱਧ ਹੋ ਸਕਦੀ ਹੈ ।

ਪਰਾਲੀ ਵਰਗੀ ਰਹਿੰਦ-ਖੂੰਹਦ ਜਲਾਉਣ ਸੰਬੰਧੀ ਸਿਆਸਤ ਕਰਨ ਦੀ ਥਾਂ ਹਵਾ ਪ੍ਰਦੂਸ਼ਨ ਦੇ ਮੁੱਖ ਮੁੱਦੇ ਨੂੰ ਸਮਝਣਾ ਹੋਵੇਗਾ। ਕਿੰਨਾ ਚੰਗਾ ਹੋਵੇਗਾ, ਜੇਕਰ ਵਾਹਨਾਂ ਦੀ ਗਿਣਤੀ ਘੱਟ ਕਰਕੇ ਬਾਈ-ਸਾਈਕਲ ਅਪਣਾਇਆ ਜਾਏ ਤੇ ਪੈਰੀਂ ਤੁਰਿਆ ਜਾਏ।

ਪ੍ਰਦੂਸ਼ਣ ਰੋਕਣ ਸੰਬੰਧੀ ਬਣੇ ਕਾਨੂੰਨ ਲਾਗੂ ਕਰਨ ਨਾਲ ਇਸ ਸਮੱਸਿਆ ਉੱਤੇ ਕਾਬੂ ਪਾਉਣਾ ਸੌਖਾ ਹੋਏਗਾ ।ਪ੍ਰਦੂਸ਼ਣ ਪੈਦਾ ਕਰਨ ਵਾਲੇ ਕਾਰਖਾਨੇਦਾਰਾਂ ਵਿਰੁੱਧ ਕਾਰਵਾਈ ਦੀ ਲੋੜ ਹੈ।ਖੇਤਾਂ ਚ ਕੀਟਨਾਸ਼ਕ ਅਤੇ ਖਾਦਾਂ ਸੀਮਤ ਤੌਰ 'ਤੇ ਵਰਤੀਆਂ ਜਾਣ । ਫਸਲੀ ਰਹਿੰਦ-ਖੂੰਹਦ ਲਈ ਜਿਥੇ 'ਕੰਪੋਸਟ ਬਾਇਓ ਗੈਸ' ਪਲਾਂਟ ਸਹਾਈ ਹੋ ਸਕਦੇ ਹਨ, ਉਥੇ ਪੰਜਾਬ-ਹਰਿਆਣਾ ਅਤੇ ਹੋਰ ਖੇਤੀ ਖੇਤਰਾਂ 'ਚ ਬਾਇਓ ਵੇਸਟ ਡੀਕੰਪੋਜ਼ਰ ਤਿਆਰ ਕੀਤੇ ਜਾਣ ਨਾਲ ਰਹਿੰਦ-ਖੂੰਹਦ ਤੋਂ ਖਾਦ ਤਿਆਰ ਹੋ ਸਕਦੀ ਹੈ, ਜੋ ਖੇਤਾਂ ਦੀ ਉਪਜਾਊ ਸ਼ਕਤੀ ਵਧਾਉਣ ਯੋਗ ਹੁੰਦੀ ਹੈ ।

ਸਰਕਾਰ ਸੰਜੀਦਾ ਹੋਵੇ, ਕਿਸਾਨਾਂ ਲਈ ਕਿਸਾਨ ਹਿਤੈਸ਼ੀ ਖੇਤੀ ਨੀਤੀ ਬਣਾਏ, ਫਸਲਾਂ ਦਾ ਯੋਗ ਮੁੱਲ ਦੇਵੇ, ਤਾਂ ਕਿ ਕਿਸਾਨਾਂ ਨੂੰ ਘਾਟੇ ਦੀ ਖੇਤੀ ਤੋਂ ਮੁਕਤੀ ਮਿਲੇ ਤੇ ਉਹ ਫਸਲੀ ਰਹਿੰਦ-ਖੂੰਹਦ ਸੰਭਾਲ ਕੇ ਇਸ ਤੋਂ ਵੀ ਵਿੱਤੀ ਲਾਭ ਪ੍ਰਾਪਤ ਕਰਨ ਦੀਆਂ ਸਕੀਮਾਂ ਨੂੰ ਮਨੋਂ ਪ੍ਰਵਾਨ ਕਰਨ ।

**# ਸੰਪਰਕ : 98158-02070**

# ਬਜ਼ੁਰਗ ਹੁੰਦੇ ਹਨ ਘਰ ਦਾ ਤਾਲਾ

**ਡਾ. ਨਰਿੰਦਰ ਭੱਪਰ ਝਬੇਲਵਾਲੀ**

ਅੱਜ ਸਾਂਝੇ ਪਰਵਾਰਾਂ ਦੀ ਥਾਂ ਇਕੱਠੇ ਇਕਹਿਰੇ ਪਰਵਾਰ ਰਹਿ ਗਏ ਹਨ, ਪਰ ਅੱਜ ਦੁੱਖ ਇਸ ਗੱਲ ਦਾ ਹੈ ਕਿ ਇਹ ਇਕਹਿਰੇ ਪਰਵਾਰ ਹੋਰ ਵੀ ਇਕੱਲੇ ਹੋ ਗਏ ਹਨ। ਬੱਚੇ, ਮਾਂ-ਬਾਪ ਸਭ ਆਪਣੇ-ਆਪਣੇ ਕਮਰਿਆਂ ਵਿੱਚ ਟੀ ਵੀ ਜਾਂ ਮੋਬਾਇਲ ਫੋਨ ਵਿੱਚ ਰੁੱਝ ਜਾਂਦੇ ਹਨ। ਇੱਥੇ ਸਿੱਖਣ-ਸਿਖਾਉਣ ਦੇ ਮੌਕੇ ਬਹੁਤ ਘੱਟ ਮਿਲਦੇ ਹਨ । ਬਜ਼ੁਰਗਾਂ ਦਾ ਸਤਿਕਾਰ ਕਰਨਾ ਉਨ੍ਹਾਂ ਦੇ ਮਨਾਂ ਵਿੱਚੋਂ ਮਨਫੀ ਹੋ ਗਿਆ ਹੈ। ਜੇਕਰ ਅਸੀਂ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰਾਂਗੇ, ਤਾਂ ਹੀ ਅਸੀਂ ਬੁੱਢੇ ਹੋ ਕੇ ਮਾਣ-ਸਤਿਕਾਰ ਦੇ ਹੱਕਦਾਰ ਹੋਵਾਂਗੇ। ਪਹਿਲਾਂ ਗਊ ਨੂੰ ਮਾਤਾ ਦਾ ਦਰਜਾ ਦਿੱਤਾ ਜਾਂਦਾ ਸੀ । ਇੱਥੇ ਬਜ਼ੁਰਗਾਂ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਸੀ। ਸਾਰੀ ਗੱਲਬਾਤ ਬਜ਼ੁਰਗਾਂ ਨਾਲ ਸਾਂਝੀ ਕੀਤੀ ਜਾਂਦੀ ਸੀ। ਬਜ਼ੁਰਗ ਘਰ ਦੇ ਆਗੂ ਹੁੰਦੇ ਸਨ। ਸਾਡੇ ਪਰਵਾਰ ਵਾਲੇ ਆਪਣੇ ਮਾਤਾ ਪਿਤਾ ਭਾਵ ਦਾਦਾ-ਦਾਦੀ ਭਾਵ ਬਜੁਰਗਾਂ ਦਾ ਆਦਰ ਕਰਦੇ ਸਨ। ਪੁਰਾਣੇ ਸਮੇਂ ਵਿੱਚ ਪਰਿਵਾਰ ਦਾ ਕੋਈ ਮੈਂਬਰ ਤਿੰਨ-ਪੰਜ ਕਰਦਾ ਜਾਂ ਜ਼ਿੱਦ ਕਰਦਾ ਤਾਂ ਬਜ਼ੁਰਗਾਂ ਦਾ ਖੂੰਡਾ ਦੇਖ ਕੇ ਨਾਲ ਦੀ ਨਾਲ ਚੁੱਪ ਕਰ ਜਾਂਦਾ । ਬਜ਼ੁਰਗਾਂ ਦੇ ਸਾਹਮਣੇ ਉੱਚੀ ਬੋਲਣ ਦਾ ਕੋਈ ਹੀਆ ਨਹੀਂ ਕਰਦਾ ਸੀ । ਸਾਡੇ ਪੁਰਾਣੇ ਬਜ਼ੁਰਗ ਘੰਗੂਰਾ ਮਾਰ ਕੇ ਕੁੰਡਾ ਖੜਕਾਅ ਕੇ ਘਰ ਵਿੱਚ ਪ੍ਰਵੇਸ਼ ਕਰਦੇ ਸਨ, ਤਾਂ ਸਾਰਾ ਟੱਬਰ ਸਾਵਧਾਨ ਹੋ ਕੇ ਆਪਣੇ-ਆਪਣੇ ਕੰਮਾਂ ਨੂੰ ਭਰਿੰਡਾਂ ਵਾਂਗ ਚਿੰਬੜ ਜਾਂਦੇ ਸਨ। ਗਲੀ - ਮੁਹੱਲੇ ਦੇ ਲੋਕ ਵੀ ਬਜ਼ੁਰਗਾਂ ਨਾਲ ਆਪਣਾ ਦੁੱਖ ਸਾਂਝਾ ਕਰ ਲੈਂਦੇ ਸਨ। ਤਾਹੀਓਂ ਤਾਂ ਕਹਿੰਦੇ ਸਨ, ਤਿੰਨ ਰੰਗ ਨਹੀਂ ਲੱਭਣੇ ਹੁਸਨ, ਜਵਾਨੀ ਤੇ ਮਾਪੇ ।

ਜਾਂ

ਬਜ਼ੁਰਗ ਹੁੰਦੇ ਨੇ ਬੋਹੜ ਦੀਆਂ ਛਾਵਾਂ,
ਨਸੀਬਾਂ ਵਾਲੇ ਛਾਂ ਮਾਣਦੇ।
ਕੀ ਹੁੰਦੀਆਂ ਨੇ ਮਾਂ ਦੀਆਂ ਦੁਆਵਾਂ,
ਬੇਕਦਰੇ ਕੀ ਜਾਣਦੇ।

ਸਿਆਣੇ ਲੋਕ ਬਜ਼ੁਰਗਾਂ ਦੀ ਤੁਲਨਾ ਬੋਹੜ ਨਾਲ ਕਰਦੇ ਸਨ। ਬੋਹੜ ਦੀ ਛਾਂ ਹੇਠ ਗਰਮੀਆਂ ਸਮੇਂ ਬੈਠ ਕੇ ਆਨੰਦ ਆ ਜਾਂਦਾ ਅਤੇ ਮਨ ਖੁਸ਼ ਹੋ ਜਾਂਦਾ ।ਇਸੇ ਤਰ੍ਹਾਂ ਬਜ਼ੁਰਗਾਂ ਕੋਲ ਬੈਠ ਕੇ ਉਹਨਾਂ ਦੇ ਤਜਰਬੇ ਦੀਆਂ ਗੱਲਾਂ ਸੁਣ ਕੇ ਹੌਸਲਾ ਮਿਲਦਾ ਅਤੇ ਕਾਫੀ ਕੁਝ ਸਿੱਖਣ ਨੂੰ ਮਿਲਦਾ। ਛੋਟੇ ਹੁੰਦੇ ਅਸੀਂ ਬਜ਼ੁਰਗਾਂ ਦੀ ਉਂਗਲ ਫੜ ਕੇ ਹੀ ਤੁਰਨਾ ਫਿਰਨਾ ਸਿੱਖਦੇ ਹਾਂ । ਬਜੁਰਗ ਸਾਡੇ ਰਾਹ ਦਾ ਚਾਨਣ-ਮੁਨਾਰਾ ਹੁੰਦੇ ਸਨ ।ਜਿਹੜੇ ਬਜ਼ੁਰਗਾਂ ਦੀ ਮੁਸਕਰਾਹਟ ਦਾ ਮਤਲਬ ਸਮਝ ਜਾਂਦੇ ਸਨ, ਉਹ ਤਰੱਕੀ ਦੀਆਂ ਮੰਜ਼ਲਾਂ ਸਰ ਕਰ ਲੈਂਦੇ ਸਨ, ਪਰ ਅੱਜ ਅਸੀਂ ਬਜ਼ੁਰਗਾਂ ਦੀਆਂ ਅਸੀਸਾਂ ਨਹੀਂ ਲੈ ਸਕਦੇ, ਜੋ ਕਿ ਸਾਨੂੰ ਮੁਫਤ ਵਿੱਚ ਦਿੰਦੇ ਹਨ । ਅਸੀਂ ਆਪਣੇ ਮਾਂ -ਪਿਓ ਨੂੰ ਸਾਂਭਣ ਦੇ ਮਾਰੇ ਬਿਰਧ ਆਸ਼ਰਮਾਂ ਵਿੱਚ ਭੇਜ ਦਿੰਦੇ ਹਾਂ। ਤਾਹੀਓਂ ਤਾਂ ਪੰਜਾਬ ਵਿੱਚ ਬਿਰਧ ਆਸ਼ਰਮਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਮਾਂ ਨੂੰ ਅਸੀਂ ਰੱਬ ਦਾ ਰੂਪ ਸਮਝਦੇ ਹਾਂ ਪਰ ਸਾਡੇ ਅਸੀਂ ਮਾਂ ਦੀਆਂ ਅਸੀਸਾਂ ਵੀ ਨਹੀਂ ਲੈ ਸਕਦੇ। ਐਵੇਂ ਤਾਂ ਨਹੀਂ ਕਿਸੇ ਨੇ ਆਖਿਆ ਹੈ....

ਮਾਂ ਦੀ ਪੂਜਾ ਰੱਬ ਦੀ ਪੂਜਾ,
ਮਾਂ ਹੈ ਰੱਬ ਦਾ ਰੂਪ ਹੈ ਦੂਜਾ।

ਪੁਰਾਣੇ ਸਮੇਂ ਵਿੱਚ ਬਜ਼ੁਰਗਾਂ ਦਾ ਬਹੁਤ ਮਾਣ -ਸਤਿਕਾਰ ਹੁੰਦਾ ਸੀ, ਪਰ ਹੁਣ ਦੇ ਸਮੇਂ ਵਿੱਚ ਮਨੁੱਖੀ ਤਸ਼ੱਦਦ ਅਤੇ ਵਿਤਕਰਾ ਕੀਤਾ ਜਾ ਰਿਹਾ ਹੈ ।ਅੱਜ-ਕੱਲ੍ਹ ਵੀ ਬਹੁਤ ਸਾਰੇ ਅਜਿਹੇ ਪਰਵਾਰ ਹਨ । ਜਿੱਥੇ ਬੈਠੇ ਬਜ਼ੁਰਗ ਆਪਣੀ ਹੋਣੀ 'ਤੇ ਝੁਰਦੇ ਹਨ ਤੇ ਘਰੋਂ ਧੱਕੇ ਪੈਂਦੇ ਹਨ। ਬਜ਼ੁਰਗਾਂ ਦਾ ਮੰਜਾ ਤੂੜੀ ਵਾਲੇ ਕੋਠੇ ਵਿੱਚ ਡਾਹ ਦਿੰਦੇ ਹਾਂ। ਸਾਂਭ-ਸੰਭਾਲ ਨਹੀਂ ਕਰਦੇ। ਆਪ ਆਪਾਂ ਏ. ਸੀ. ਲਾ ਕੇ ਸੌਂ ਜਾਂਦੇ ਹਾਂ ।ਅਸੀਂ ਬਜ਼ੁਰਗਾਂ ਨੂੰ ਵਾਧੂ ਦੀ ਨਕਾਰਾ ਚੀਜ਼ ਬਣਾ ਕੇ ਲਾਵਾਰਸ ਛੱਡਿਆ ਹੈ । ਅਸੀਂ ਕਥਿਤ ਤੌਰ 'ਤੇ ਮਾਡਰਨ ਹੋ ਗਏ ਹਾਂ, ਪੱਛਮੀਕਰਨ 'ਤੇ ਸੱਭਿਆਚਾਰ ਦੇ ਹਨੇਰੇ ਵਿੱਚ ਰੁਲ ਗਏ ਹਾਂ। ਸਾਡੀ ਨੌਜਵਾਨ ਪੀੜ੍ਹੀ ਅੱਥਰੇ ਘੋੜੇ ਵਾਂਗ ਬੇਲਗਾਮ ਹੋ ਕੇ ਵਿਦੇਸ਼ਾਂ ਨੂੰ ਉਡਾਰੀ ਮਾਰ ਰਹੀ ਹੈ, ਪਰ ਬਜ਼ੁਰਗ ਨੂੰ ਘਰ ਛੱਡ ਜਾਂਦੇ ਹਨ। ਅੱਜ-ਕੱਲ੍ਹ ਮਾਪਿਆਂ ਨੂੰ ਸਾਂਭਣ ਨਾਲੋਂ ਬੱਚਿਆਂ ਦਾ ਫ਼ਿਕਰ ਜ਼ਿਆਦਾ ਰਹਿੰਦਾ ਹੈ। ਪਹਿਲਾਂ ਸੰਯੁਕਤ ਪਰਵਾਰ ਹੁੰਦੇ ਸਨ। ਵੱਡਿਆਂ ਤੋਂ ਛੋਟਿਆਂ ਨੂੰ ਬਹੁਤ ਕੁਝ ਸਿੱਖਣ ਦਾ ਮੌਕਾ ਮਿਲਦਾ ਸੀ । ਬੱਚੇ ਬਜ਼ੁਰਗਾਂ ਦੇ ਅਨੁਸ਼ਾਸਨ ਵਿੱਚ ਰਹਿੰਦੇ ਸਨ ਅਤੇ ਆਦਰ ਕਰਦੇ ਸਨ। ਸਾਨੂੰ ਆਪਣਾ ਵਿਰਸਾ ਸੰਭਾਲਣਾ ਚਾਹੀਦਾ ਹੈ । ਸੱਭਿਆਚਾਰ ਬਚਾਉਣਾ ਹੈ, ਤਾਂ ਬਜ਼ੁਰਗਾਂ ਦੀ ਦੇਖਰੇਖ ਕਰੋ, ਜੋ ਕਿ ਸਾਡਾ ਮੁੱਢਲਾ ਫਰਜ ਹੈ। ਬਜ਼ੁਰਗ ਮਾਣ-ਸਤਿਕਾਰ ਦੇ ਭੁੱਖੇ ਹੁੰਦੇ ਹਨ । ਇੱਕ ਵਾਰੀ ਦਿਨ ਵਿੱਚ ਵਕਤ ਕੱਢ ਕੇ ਬਜ਼ੁਰਗਾਂ ਨੂੰ ਜ਼ਰੂਰ ਮਿਲੋ। ਉਹਨਾਂ ਦੀਆਂ ਦੁੱਖ ਤਕਲੀਫਾਂ ਪੁੱਛੋ। ਜੇਕਰ ਉਹ ਬਿਮਾਰ ਹਨ ਤਾਂ ਉਹਨਾਂ ਦਾ ਇਲਾਜ ਕਰਵਾਓ, ਕਿਉਂਕਿ ਬਜੁਰਗ ਘਰ ਦਾ ਜਿੰਦਰਾ ਹੁੰਦੇ ਹਨ। ਸਰਕਾਰ ਨੂੰ ਇਹੋ ਜਿਹੇ ਪਰਵਾਰਕ ਮੈਂਬਰਾਂ 'ਤੇ ਸਖਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ, ਜੋ ਬਜ਼ੁਰਗਾਂ ਨੂੰ ਬਿਰਧ ਆਸ਼ਰਮਾਂ ਵਿੱਚ ਭੇਜਦੇ ਹਨ।

**# ਸੰਪਰਕ : 62841-45349**

# ਅਧਿਆਪਕ-ਵਿਦਿਆਰਥੀ ਤੇ ਮਾਪਿਆਂ ਦੇ ਵਿਗੜ ਰਹੇ ਆਪਸੀ ਸੰਬੰਧ

**ਵਰਿੰਦਰ ਸ਼ਰਮਾ**

**ਸਿੱਖਿਆ ਸੰਸਥਾਨ ਦਾ ਮਹੱਤਵ** : ਅਧਿਆਪਕ-ਵਿਦਿਆਰਥੀਆਂ ਲਈ ਸਿੱਖਿਆ ਸੰਸਥਾਨਾਂ ਦਾ ਬਹੁਤ ਜ਼ਿਆਦਾ ਮਹੱਤਵ ਹੈ । ਇੱਥੇ ਇਨ੍ਹਾਂ ਦੇ ਆਪਸੀ ਹਿੱਤ ਜੁੜੇ ਹੋਏ ਹੁੰਦੇ ਹਨ । ਮਾਪੇ ਆਪਣੇ ਬੱਚਿਆਂ ਨੂੰ ਚਾਈਂ-ਚਾਈਂ ਸਕੂਲ ਪੜ੍ਹਨ ਲਈ ਭੇਜਦੇ ਹਨ। ਇਹ ਸਿੱਖਿਆ ਸੰਸਥਾਨ ਹੀ ਵਿਦਿਆਰਥੀ ਤੇ ਅਧਿਆਪਕਾਂ ਦੇ ਦਰਮਿਆਨ ਇਕ ਕੜੀ ਹੈ ।ਨਿਰਸੰਦੇਹ, ਅਧਿਆਪਕ ਤਾਂ ਉਨ੍ਹਾਂ ਲਈ ਰੋਲ ਮਾਡਲ ਹੁੰਦੇ ਹੀ ਹਨ ਪਰ ਵਿਦਿਆਰਥੀਆਂ ਦੇ ਮਾਪਿਆਂ ਨੂੰ ਵੀ ਆਪਣੇ ਬੱਚਿਆ ਲਈ ਇਕ ਆਦਰਸ਼ ਰੂਪ ਪੇਸ਼ ਕਰਨਾ ਸਮੇਂ ਦੀ ਮੁੱਖ ਮੰਗ ਹੈ ਕਿਉਂਕਿ ਬੱਚੇ ਜੋ ਵੇਖਦੇ ਹਨ, ਉਹ ਉਸ ਦੀ ਨਕਲ ਵੀ ਜ਼ਰੂਰ ਕਰਦੇ ਹਨ। ਇਸ ਲਈ ਅਧਿਆਪਕ-ਵਿਦਿਆਰਥੀ ਤੇ ਮਾਪੇ ਆਪਣੀ ਜੀਵਨ ਸ਼ੈਲੀ @ਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰਨ ਤਾਂ ਇਨ੍ਹਾਂ 'ਚ ਮੁੜ ਤੋਂ ਆਪਸੀ ਸੱਭਿਅਕ ਸੰਵਾਦ ਫੇਰ ਤੋਂ ਸ਼ੁਰੂ ਹੋ ਸਕਦਾ ਹੈ। ਇਸ ਨਾਲ ਉਨ੍ਹਾਂ 'ਚ ਸੁਹਿਰਦ ਸੰਬੰਧ ਬਣਨ 'ਚ ਦੇਰ ਨਹੀਂ ਲੱਗੇਗੀ।

ਜਿਹੜੇ ਲੋਕ ਸਮੇਂ ਦੀ ਕਦਰ ਨਹੀਂ ਕਰਦੇ ਤਾਂ ਸਮਾਂ ਵੀ ਉਨ੍ਹਾਂ ਦੀ ਕਦਰ ਨਹੀਂ ਕਰਦਾ ।ਇਸ ਲਈ ਸਾਨੂੰ ਸਭ ਨੂੰ ਸਮੇਂ ਦੇ ਹਾਣੀ ਬਣਨ ਦੀ ਜ਼ਰੂਰਤ ਹੈ । ਇਥੇ ਅਸੀਂ ਇਸ ਗੱਲ 'ਤੇ ਵੀ ਗੰਭੀਰ ਚਿੰਤਨ ਕਰਾਂਗੇ ਕਿ ਅਧਿਆਪਕ-ਵਿਦਿਆਰਥੀਆਂ ਤੇ ਨਾਲ-ਨਾਲ ਮਾਪਿਆਂ ਨੂੰ ਵੀ ਜ਼ਿੰਦਗੀ ਦਾ ਹਰ ਮੁਕਾਮ ਹਾਸਲ ਕਰਨ ਲਈ ਸਮੇਂ ਦੇ ਨਾਲ-ਨਾਲ ਚੱਲਣਾ ਚਾਹੀਦਾ ਹੈ ।ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਜੇਕਰ ਅਸੀਂ ਸਮੇਂ ਦੇ ਪਾਬੰਦ ਨਹੀਂ ਤਾਂ ਅਸੀਂ ਆਪਣੀ ਜ਼ਿੰਦਗੀ 'ਚ ਕੁਝ ਵੀ ਹਾਸਲ ਨਹੀਂ ਕਰ ਸਕਦੇ ।

ਹਾਂ, ਸਿਰਫ ਸਮੇਂ ਦੇ ਪਾਬੰਦ ਹੋਣਾ ਹੀ ਕਾਫ਼ੀ ਨਹੀਂ ਹੈ, ਬਲਕਿ ਆਪਣੇ ਕਿੱਤੇ ਪ੍ਰਤੀ ਵੀ ਸਾਨੂੰ ਪੂਰੀ ਤਰ੍ਹਾਂ ਨਾਲ ਵਫਾਦਾਰ/ ਸਮਰਪਿਤ ਹੋਣਾ ਵੀ ਲਾਜ਼ਮੀ ਹੈ । ਜਿਸ ਤਰ੍ਹਾਂ ਅਸੀਂ ਆਪਣੇ ਘਰ 'ਚ ਮਿਸਤਰੀ-ਮਜ਼ਦੂਰ ਤੋਂ ਕੰਮ ਲੈਂਦੇ ਹਾਂ, ਉਨ੍ਹਾਂ ਨੂੰ ਥੋੜ੍ਹੀ ਦੇਰ ਵੀ ਆਰਾਮ ਨਹੀਂ ਕਰਨ ਦਿੰਦੇ, ਠੀਕ ਇਸੇ ਹੀ ਤਰ੍ਹਾਂ ਦਾ ਨਜ਼ਰੀਆ ਸਾਡੇ ਸਾਹਮਣੇ ਸਕੂਲ ਸਮੇਂ ਦੌਰਾਨ ਵੀ ਹੋਵੇ । ਨਿਰਸੰਦੇਹ, ਦੂਜੇ ਦਫਤਰਾਂ ਵਾਂਗ ਸਿੱਖਿਆ ਸੰਸਥਾਨਾਂ 'ਚ ਸਮੇਂ ਦਾ ਪਾਬੰਦ ਹੋਣ ਲਈ ਹਾਜ਼ਰੀ ਲਾਉਣ ਲਈ ਬਾਇਓਮੀਟ੍ਰਿਕ ਮਸ਼ੀਨਾਂ ਲਗਾ ਦਿੱਤੀਆਂ ਗਈਆਂ ਹਨ, ਪਰ ਜੇ ਉਥੇ ਜਾ ਕੇ ਸ਼ਿੱਦਤ ਨਾਲ ਪੜ੍ਹਾਈ ਹੀ ਨਾ ਕਰਾਈ ਤਾਂ ਇਹ ਕਿਹਾ ਜਿਹਾ ਹੋਇਆ 'ਸਮੇਂ ਦਾ ਪਾਬੰਦ ਹੋਣਾ'। ਦੂਜੇ ਪਾਸੇ ਕੁਝ ਕੁ ਵਿਦਿਆਰਥੀਆਂ ਨੂੰ ਛੱਡ ਕੇ ਵਧੇਰੇ ਵਿਦਿਆਰਥੀ ਸਕੂਲ ਸਮੇਂ ਸਿਰ ਆਉਂਦੇ ਤਾਂ ਹਨ, ਪਰ ਪੜ੍ਹਾਈ ਸਮੇਂ ਉਨ੍ਹਾਂ ਦਾ ਧਿਆਨ ਕਿਧਰੇ ਹੋਰ ਹੋਣਾ ਸਾਨੂੰ ਸੋਚਣ ਲਈ ਮਜਬੂਰ ਕਰ ਦਿੰਦਾ ਹੈ । ਇਸ ਕੁਤਾਹੀ 'ਚ ਕਸੂਰ ਕਿਸ ਦਾ ਹੈ ? ਪੜ੍ਹਾਉਣ ਵਾਲੇ ਅਧਿਆਪਕ, ਪੜ੍ਹਨ ਵਾਲੇ ਵਿਦਿਆਰਥੀਆਂ ਦਾ ਜਾਂ ਮਾਪਿਆਂ ਦਾ ? ਇੱਕ ਗੱਲ ਤਾਂ ਬਿਲਕੁਲ ਸੱਚ ਹੈ ਕਿ ਸਾਰੇ ਅਧਿਆਪਕ, ਵਿਦਿਆਰਥੀ ਤੇ ਮਾਪੇ ਇਕੋ ਜਿਹੇ ਨਹੀਂ ਹੁੰਦੇ । ਅੱਜ ਵੀ ਬਹੁਤ ਸਾਰੇ ਅਧਿਆਪਕ ਹਨ, ਜੋ ਪੂਰੀ ਸ਼ਿੱਦਤ; ਮਿਹਨਤ ਤੇ ਲਗਨ ਨਾਲ ਆਪਣੇ ਕੰਮ ਨੂੰ ਅੰਜਾਮ ਦਿੰਦੇ ਹਨ । ਉਹ ਪੜ੍ਹਾਉਣ ਨੂੰ ਆਪਣਾ ਧਰਮ-ਕਰਮ ਮੰਨਦੇ ਹਨ । ਕਈ ਤਾਂ ਆਪਣੀ ਜੇਬ ਵਿੱਚੋਂ ਪੈਸੇ ਖਰਚ ਕਰਕੇ ਵਿਦਿਆਰਥੀਆਂ ਦੀ ਫ਼ੀਸ ਤੱਕ ਭਰ ਦਿੰਦੇ ਹਨ ਅਤੇ ਵੇਲੇ-ਕੁਵੇਲੇ ਆਪਣੇ ਵਿਦਿਆਰਥੀਆਂ ਦੀ ਆਰਥਿਕ ਮਦਦ ਵੀ ਕਰਦੇ ਰਹਿੰਦੇ ਹਨ । ਉਹ ਸਕੂਲ ਸਮੇਂ ਤੋਂ ਪਹਿਲਾਂ ਜਾਂ ਬਾਅਦ ਵਿਦਿਆਰਥੀਆਂ ਨੂੰ ਮੁਫ਼ਤ ਪੜ੍ਹਾਉਣ 'ਚ ਖੁਸ਼ੀ/ ਸੰਤੁਸ਼ਟੀ ਮਹਿਸੂਸ ਕਰਦੇ ਹਨ । ਉਨ੍ਹਾਂ ਦਾ ਪੜ੍ਹਾਇਆ ਵਿਦਿਆਰਥੀ ਰਾਜ 'ਚ ਮੈਰਿਟ 'ਚ ਆਉਂਦਾ ਹੈ ਤਾਂ ਨਾ ਪੜ੍ਹਨ ਵਾਲਾ ਵਿਦਿਆਰਥੀ ਫੇਲ੍ਹ ਵੀ ਹੋ ਜਾਂਦਾ ਹੈ ਤਦ ਮਾਪੇ ਅਧਿਆਪਕਾਂ 'ਤੇ ਗਾਹੇ-ਬੇਗਾਹੇ ਦੋਸ਼ ਲਗਾਉਂਦੇ ਹਨ ਕਿ ਵਿਦਿਆਰਥੀ ਇਸ ਲਈ ਫੇਲ੍ਹ ਹੋ ਗਿਆ ਕਿ ਅਧਿਆਪਕ ਨੇ ਉਸ ਨੂੰ ਪੜ੍ਹਾਇਆ ਨਹੀ ।ਜੋ ਸਰਾਸਰ ਗਲਤ ਗੱਲ ਹੈ। ਜਦ ਉਨ੍ਹਾਂ ਦਾ ਬੱਚਾ ਸਕੂਲ ਪੜ੍ਹਨ ਹੀ ਨਹੀਂ ਆਇਆ ਤਾਂ ਉਸ ਤੋਂ ਪਾਸ ਹੋਣ ਦੀ ਉਮੀਦ ਰੱਖਣਾ ਕੋਈ ਸਮਝਦਾਰੀ ਦਾ ਸਬੂਤ ਨਹੀਂ ਆਖਿਆ ਜਾ ਸਕਦਾ ।

ਮਾਪਿਆਂ ਦਾ ਰੋਲ-ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਮਾਪੇ-ਅਧਿਆਪਕ ਮਿਲਣੀ ਦੌਰਾਨ ਸਕੂਲ ਜ਼ਰੂਰ ਜਾਣ ਅਤੇ ਆਪਣੇ ਬੱਚੇ ਦੀ ਕਾਰਗੁਜ਼ਾਰੀ ਦੇਖਣ ਅਤੇ ਬੱਚੇ ਦੇ ਸਰਵਪੱਖੀ ਵਿਕਾਸ ਦੀਆਂ ਸਮੁੱਚੀਆਂ ਸਥਿਤੀਆਂ ਅਤੇ ਸੰਭਾਵਨਾਵਾਂ ਬਾਰੇ ਅਧਿਆਪਕ ਨਾਲ ਚਰਚਾ ਕਰਨ । ਇਸੇ ਸਮੇਂ ਦੌਰਾਨ ਹੀ ਮਾਪੇ ਆਪਣੇ ਬੱਚੇ ਦੇ ਚੰਗੇ-ਮਾੜੇ ਵਿਵਹਾਰ ਬਾਰੇ ਉਨ੍ਹਾਂ ਦੇ ਅਧਿਆਪਕ ਤੋਂ ਜਾਨਣ । ਜੇ ਬੱਚਾ ਹੁਸ਼ਿਆਰ ਹੈ, ਮਾਪੇ ਉਸ ਦੀ ਪ੍ਰਸੰਸਾ ਕਰਨ ਅਤੇ ਜੇ ਬੱਚਾ ਗਲਤੀ ਕਰ ਰਿਹਾ ਹੈ ਤਾਂ ਮਾਪੇ ਉਸ ਜ਼ਰੂਰ ਵਰਜਣ। ਮਾਪੇ ਆਪਣੇ ਬੱਚੇ ਦੀ ਸੰਗਤ, ਦੋਸਤਾਂ-ਮਿੱਤਰਾਂ ਬਾਰੇ ਵੀ ਜ਼ਰੂਰ ਜਾਣਕਾਰੀ ਰੱਖਣ।

**ਮੀਡੀਆ ਦਾ ਅਹਿਮ ਰੋਲ** : ਅੱਜ ਦੇ ਮਾਡਰਨ ਯੁੱਗ 'ਚ ਮੀਡੀਆ ਦਾ ਵੀ ਆਪਣਾ ਅਹਿਮ ਸਥਾਨ ਹੈ । ਅਧਿਆਪਕ-ਵਿਦਿਆਰਥੀ ਤੇ ਮਾਪਿਆਂ ਦੇ ਘਟ ਰਹੇ ਆਪਸੀ ਸੰਵਾਦ 'ਚ ਮੀਡੀਆ ਆਪਣਾ ਸਾਰਥਿਕ ਰੋਲ ਅਦਾ ਕਰ ਸਕਦਾ ਹੈ । ਇਸ ਦੀ ਦੁਰਵਰਤੋਂ ਨਹੀਂ ਹੋਣੀ ਚਾਹੀਦੀ । ਪਰ ਦੂਜੇ ਪਾਸੇ ਅਸੀਂ ਦੇਖਦੇ ਹਾਂ ਕਿ ਜੇਕਰ ਕੋਈ ਵਿਦਿਆਰਥੀ ਸਿੱਖਿਆ ਸੰਸਥਾਨ 'ਚ ਅਨੁਸ਼ਾਸਨਹੀਨ ਹੈ, ਹਮੇਸ਼ਾ ਲੜਾਈ-ਝਗੜਾ ਕਰਦਾ ਹੈ ਤਾਂ ਉਸ ਦਾ ਨਾਂਅ ਸੰਸਥਾ 'ਚੋਂ ਕੱਟਣ 'ਤੇ ਉਹ ਅਤੇ ਉਸ ਦੇ ਮਾਪੇ ਸਕੂਲ ਵਿੱਚ ਆ ਕੇ ਰੌਲਾ-ਰੱਪਾ ਪਾਉਂਦੇ ਹਨ। ਉਹ ਤਥਾਕਥਿਤ ਵਿਦਿਆਰਥੀ ਪੰਚਾਇਤ ਜਾਂ ਰਾਜਨੀਤਕ ਨੇਤਾ ਆਦਿ ਦਾ ਗਲਤ ਪ੍ਰਭਾਵ ਪਾ ਕੇ ਮੁੜ ਸਕੂਲ 'ਚ ਦਾਖਲ ਹੋ ਜਾਂਦਾ ਹੈ ਤਾਂ ਫਰਕ ਤਾਂ ਪੈਂਦਾ ਹੀ ਹੈ । ਭਲਾ ਦੱਸੋ, ਇੱਥੇ ਅਧਿਆਪਕ ਦੀ ਕੀ ਇੱਜ਼ਤ/ਸਨਮਾਨ ਰਹਿ ਜਾਂਦਾ ਹੈ। ਇਹੋ ਜਿਹੇ ਸ਼ਰਾਰਤੀ / ਅਨੁਸ਼ਾਸਨਹੀਨ ਵਿਦਿਆਰਥੀ ਪੈਸੇ ਦੇ ਜ਼ੋਰ 'ਤੇ ਸਿਫਾਰਸ਼ ਦੇ ਜ਼ਰੀਏ ਪ੍ਰੀਖਿਆ 'ਚੋਂ ਵੀ ਪਾਸ ਹੁੰਦੇ ਵੇਖੇ ਗਏ ਹਨ ।

**ਮੋਬਾਇਲ ਫੋਨ ਦੀ ਦੁਰਵਰਤੋਂ** : ਸਾਡਾ ਮੁਲਕ ਬਾਹਰਲੇ ਮੁਲਕਾਂ ਦੀ ਬਿਨਾਂ ਸੋਚੇ-ਸਮਝੇ ਅੰਧਾ-ਧੁੰਦ ਨਕਲ ਕਰਦਾ ਹੈ । ਜਿਵੇਂ ਕਿ ਮੋਬਾਇਲ ਫੋਨ ਰਾਹੀਂ ਬੱਚਿਆਂ ਨੂੰ ਪੜ੍ਹਾਉਣਾ।ਨਿਰਸੰਦੇਹ, ਆਧੁਨਿਕ ਸਮੇਂ ਇਹ ਕੋਈ ਗਲਤ ਗੱਲ ਨਹੀਂ ਹੈ, ਪਰ ਅਮਰੀਕਾ, ਫਰਾਂਸ, ਇੰਗਲੈਂਡ 'ਚ ਤਾਂ ਹੁਣੇ-ਹੁਣੇ ਸਕੂਲਾਂ 'ਚ ਮੋਬਾਇਲ ਫੋਨ ਦੀ ਵਰਤੋਂ ਬੰਦ ਕਰਨ ਦੇ ਆਦੇਸ਼ ਦਿੱਤੇ ਗਏ ਹਨ । ਅਜਿਹੇ ਹੀ ਆਦੇਸ਼ ਦਿੱਲੀ ਸਰਕਾਰ ਨੇ ਵੀ ਦੇ ਦਿੱਤੇ ਹਨ । ਦਰਅਸਲ, ਵਿਦਿਆਰਥੀਆਂ ਦੇ ਨਾਲ-ਨਾਲ ਬਹੁਤੇ ਅਧਿਆਪਕ ਵੀ ਕਲਾਸ ਰੂਮ 'ਚ ਲਗਾਤਾਰ ਫੋਨ 'ਤੇ ਗੱਲਬਾਤ ਕਰਦੇ ਰਹਿੰਦੇ ਹਨ । ਜੇਕਰ ਪ੍ਰਾਈਵੇਟ ਸੰਸਥਾਨਾਂ 'ਚ ਮੋਬਾਇਲ ਫੋਨ ਜਮ੍ਹਾਂ ਕਰਵਾਏ ਜਾ ਸਕਦੇ ਹਨ ਤਾਂ ਸਰਕਾਰੀ ਸੰਸਥਾਨਾਂ 'ਚ ਅਜਿਹਾ ਕਿਉਂ ਨਹੀਂ ਹੋ ਸਕਦਾ ? ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਮੋਬਾਈਲ ਫੋਨਾਂ 'ਤੇ ਇਸ ਸਮੇਂ ਰੋਕ ਲਗਾਉਣਾ ਜਾਇਜ਼ ਕਦਮ ਹੈ । ਮੋਬਾਈਲ ਫੋਨ ਨੇ ਤਾਂ ਹਰ ਤਰ੍ਹਾਂ ਦੇ ਆਪਸੀ ਸੰਵਾਦ 'ਚ ਇਕ ਪ੍ਰਕਾਰ ਦੀ ਖੜੋਤ ਜਿਹੀ ਲੈ ਆਂਦੀ ਹੈ । ਹਰ ਕੋਈ ਆਪਣੇ-ਆਪ 'ਚ ਬਿਨਾਂ ਕੰਮ ਤੋਂ ਰੁੱਝਿਆ ਹੋਇਆ ਹੈ । ਇਸ ਨਾਲ ਆਪ ਹੀ ਸੋਚੋ ਕਿ ਅਧਿਆਪਕ-ਵਿਦਿਆਰਥੀ ਤੇ ਮਾਪਿਆਂ ਦੇ ਆਪਸੀ ਸੰਬੰਧਾਂ 'ਚ ਨਿਘਾਰ ਕਿਉਂ ਨਹੀਂ ਆਵੇਗਾ ?

**ਸਿੱਖਿਆ ਸੰਸਥਾਨਾਂ 'ਚ ਗੁੱਟਬੰਦੀ ਨਹੀਂ ਹੋਣੀ ਚਾਹੀਦੀ** : ਅਕਸਰ ਦੇਖਿਆ ਗਿਆ ਹੈ ਕਿ ਕਈ ਸਕੂਲਾਂ 'ਚ ਅਧਿਆਪਕਾਂ / ਕਰਮਚਾਰੀਆਂ ਦੀ ਗੁੱਟਬੰਦੀ ਕਾਰਨ ਉੱਥੇ ਨਿੱਤ ਨਵਾਂ ਕਲੇਸ਼ ਪਿਆ ਰਹਿੰਦਾ ਹੈ, ਜਿਹੜਾ ਕਿ ਉੱਥੇ ਮੌਜੂਦ ਸਭ ਲਈ ਬੇਹੱਦ ਘਾਤਕ ਸਿੱਧ ਹੋ ਸਕਦਾ ਹੈ ।ਇਨ੍ਹਾਂ ਦੇ ਆਪਸੀ ਸੰਬੰਧ ਹਮੇਸ਼ਾ ਸੁਹਿਰਦ ਹੋਣੇ ਚਾਹੀਦੇ ਹਨ ।ਸਕੂਲਾਂ 'ਚ ਗੁੱਟਬੰਦੀ ਦਾ ਕੀ ਮਤਲਬ ? ਜੇਕਰ ਅਧਿਆਪਕਾਂ 'ਚ ਈਰਖਾ ਦੀ ਭਾਵਨਾ ਹੋਵੇ ਜਾਂ ਉਹ ਆਪਸ 'ਚ ਲੜਦੇ-ਝਗੜਦੇ ਰਹਿਣ ਤਾਂ ਵਿਦਿਆਰਥੀ ਉਨ੍ਹਾਂ ਤੋਂ ਕਿਹੋ ਜਿਹੀ ਸਿੱਖਿਆ ਪ੍ਰਾਪਤ ਕਰਨਗੇ ? ਇਸ ਦਾ ਖਮਿਆਜ਼ਾ ਉਸ ਵਿਸ਼ੇਸ਼ ਸੰਸਥਾ ਦੇ ਅਧਿਆਪਕ, ਬੱਚੇ ਅਤੇ ਮੁਖੀ ਸਾਰਿਆਂ ਨੂੰ ਝੱਲਣਾ ਹੀ ਪੈਂਦਾ ਹੈ। ਇਸ ਲਈ ਅਧਿਆਪਕ ਤੇ ਮੁਖੀ ਗੁੱਟਬੰਦੀ ਤੋਂ ਹਮੇਸ਼ਾ ਦੂਰ ਰਹਿਣ । ਸਕੂਲ ਮੁਖੀ ਆਪਣਾ ਨੈਤਿਕ ਕਰਤੱਵ ਸਮਝਦੇ ਹੋਏ ਦਿਨ 'ਚ 2-3 ਵਾਰ ਸਮੁੱਚੇ ਸਕੂਲ ਦਾ ਰਾਊਂਡ ਜ਼ਰੂਰ ਲਾਉਣ । ਆਪ ਵੀ ਕਦੇ-ਕਦਾਈਂ ਕਿਸੇ ਵੀ ਕਲਾਸ ਦਾ ਪੀਰੀਅਡ ਲੈ ਲੈਣ ਤਾਂ ਗੱਲ ਸੋਨੇ 'ਤੇ ਸੁਹਾਗੇ ਵਾਲੀ ਹੋ ਜਾਵੇਗੀ ।

**ਸੱਭਿਅਕ ਤੇ ਨੈਤਿਕ ਜ਼ਿੰਦਗੀ ਜਿਊਣਾ** : ਅਧਿਆਪਕ ਦਾ ਕਿੱਤਾ ਬੇਹੱਦ ਪਵਿੱਤਰ ਮੰਨਿਆ ਗਿਆ ਹੈ । ਇਸ ਲਈ ਇਕ ਅਧਿਆਪਕ 'ਚ ਚੰਗੇ ਸੰਸਕਾਰ ਹੋਣੇ ਲਾਜ਼ਮੀ ਹਨ। ਉਹ ਸੱਭਿਅਕ ਜ਼ਿੰਦਗੀ ਜਿਊਣ ਲਈ ਹਮੇਸ਼ਾ ਆਪਣਾ ਧਿਆਨ ਚੰਗੇ ਗੁਣਾਂ ਵੱਲ ਕੇਂਦਰਿਤ ਕਰਦਾ ਰਹੇ । ਇਸ ਨਾਲ ਉਹ ਆਪਣਾ ਅਤੇ ਆਪਣੇ ਵਿਦਿਆਰਥੀਆਂ ਦਾ ਭਵਿੱਖ ਸੁਰੱਖਿਅਤ ਰੱਖਣ 'ਚ ਕਾਮਯਾਬ ਹੋ ਸਕਦਾ ਹੈ । ਇਸ ਨਾਲ ਵਿੱਦਿਆ ਦਾ ਅਸਲ ਮਨੋਰਥ ਹਾਸਲ ਕਰਨਾ ਵਧੇਰੇ ਸੌਖਾ ਹੈ । ਅਧਿਆਪਕ ਹਰੇਕ ਵਿਦਿਆਰਥੀ ਨਾਲ ਵਿਅਕਤੀਗਤ ਤੌਰ 'ਤੇ ਗੱਲਬਾਤ ਕਰੇ । ਉਨ੍ਹਾਂ ਦੀਆਂ ਔਕੜਾਂ ਦੂਰ ਕਰੇ । ਉਨ੍ਹਾਂ ਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰੇ । ਬੱਚਿਆਂ ਨੂੰ ਚੰਗੇ ਸੰਸਕਾਰ ਦੇਣਾ ਅਧਿਆਪਕਾਂ ਅਤੇ ਮਾਪਿਆਂ ਦਾ ਨੈਤਿਕ ਫਰਜ਼ ਹੈ। ਅਧਿਆਪਕ ਰਾਸ਼ਟਰ ਨਿਰਮਾਤਾ ਤੇ ਵਿਦਿਆਰਥੀ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਇਸ ਤਰ੍ਹਾਂ ਵਿਦਿਆਰਥੀਆਂ ਦਾ ਭਵਿੱਖ ਅਧਿਆਪਕਾਂ 'ਤੇ ਹੀ ਨਿਰਭਰ ਕਰਦਾ ਹੈ ।

**ਅਧਿਆਪਕ, ਵਿਦਿਆਰਥੀ ਤੇ ਮਾਪਿਆਂ ਦਾ ਪਰਸਪਰ ਸਹਿਯੋਗ** : ਅਖੀਰ 'ਚ ਇਹੋ ਹੀ ਆਖਿਆ ਜਾ ਸਕਦਾ ਹੈ ਕਿ ਅਧਿਆਪਕ, ਵਿਦਿਆਰਥੀ ਤੇ ਮਾਪਿਆਂ ਦੀ ਕੜੀ ਨੂੰ ਮਜ਼ਬੂਤ ਬਣਾਉਣ ਲਈ ਤਿੰਨੇ ਧਿਰਾਂ ਇਕ-ਦੂਜੇ ਨੂੰ ਸਹਿਯੋਗ ਦੇਣ । ਆਪਣੇ-ਆਪ 'ਚ ਸਹਿਣਸ਼ੀਲਤਾ, ਸਮਰਪਣ, ਲਗਨ, ਮਿਹਨਤ ਅਤੇ ਸੇਵਾਭਾਵ, ਜ਼ਿੰਮੇਵਾਰੀ ਦੀ ਭਾਵਨਾ ਨਾਲ ਅਸੀਂ ਆਪਸੀ ਸੰਵਾਦ ਦੀ ਫੇਰ ਤੋਂ ਸ਼ੁਰੂਆਤ ਕਰ ਸਕਦੇ ਹਾਂ । ਜ਼ਿਕਰਯੋਗ ਗੱਲ ਇਹ ਹੈ ਕਿ ਕਿਸੇ ਵੀ ਮੁਸ਼ਕਲ ਦਾ ਹੱਲ ਕੱਢਣ ਲਈ ਰੋਹਬ ਜਾਂ ਗੁੱਸੇ ਤੋਂ ਬਚਿਆ ਜਾਵੇ। ਤਾਜ਼ਾ ਖਬਰ ਮੁਤਾਬਕ ਕੇਂਦਰ ਸਰਕਾਰ ਨੇ ਨਵੀਂ ਸਿੱਖਿਆ ਨੀਤੀ ਤਹਿਤ ਨੈਸ਼ਨਲ ਕਰੀਕੁਲਮ ਫਰੇਮਵਰਕ 'ਚ ਮਾਂ-ਬਾਪ ਤੇ ਸਮਾਜ ਦੀ ਵੀ ਭੂਮਿਕਾ ਤੈਅ ਕਰ ਦਿੱਤੀ ਹੈ । ਇਹ ਕੇਂਦਰ ਸਰਕਾਰ ਦਾ ਬੇਹੱਦ ਹੀ ਸ਼ਲਾਘਾਯੋਗ ਕਦਮ ਹੈ । ਇਸ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ, ਘੱਟ ਹੈ । ਇਸ ਨੀਤੀ ਨਾਲ ਘਰ, ਪਰਵਾਰ ਤੇ ਮੁਹੱਲੇ ਦਾ ਮਾਹੌਲ ਠੀਕ ਕਰਨ 'ਤੇ ਜ਼ੋਰ ਦੇਣ ਨੂੰ ਆਖਿਆ ਗਿਆ ਹੈ ਅਤੇ ਇਸ ਦੇ ਨਾਲ ਹੀ ਸਕੂਲਾਂ ਨੂੰ ਕਿਹਾ ਗਿਆ ਹੈ ਕਿ ਉਹ ਵਿਦਿਆਰਥੀਆਂ ਦੇ ਮਾਪਿਆਂ ਨੂੰ ਜਾਗਰੂਕ ਕਰੇ ।

**# ਸੰਪਰਕ : 94172-80333**

16-OCT-PAGE-5.qxd 10/15/2024 10:34 PM Page 1



# ਨੀਲੋਂ ਕਲਾਂ 'ਚ ਵੋਟਿੰਗ ਧੀਮੀ ਗਤੀ ਨਾਲ ਹੋਣ ਕਾਰਨ ਵੋਟਰ ਪ੍ਰੇਸ਼ਾਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਮਾਛੀਵਾੜਾ ਬਲਾਕ ਅਧੀਨ ਪੈਂਦੇ ਪਿੰਡ ਨੀਲੋਂ ਕਲਾਂ ਵਿਖੇ ਵੋਟਿੰਗ ਧੀਮੀ ਗਤੀ ਨਾਲ ਹੋਣ ਕਾਰਨ ਵੋਟਰ ਪ੍ਰੇਸ਼ਾਨ ਹੁੰਦੇ ਦਿਖਾਈ ਦਿੱਤੇ। ਪੋਲਿੰਗ ਬੂਥ ਦੇ ਬਾਹਰ ਪ੍ਰੇਸ਼ਾਨ ਹੋਏ ਵੋਟਰਾਂ ਨੇ ਦੱਸਿਆ ਕਿ ਉਹ ਕਾਫ਼ੀ ਸਮੇਂ ਤੋਂ ਆਪਣੀ ਵੋਟ ਪਾਉਣ ਦੇ ਇੰਤਜ਼ਾਰ ਵਿਚ ਖੜੇ ਹਨ, ਪਰ ਅੰਦਰ ਵੋਟ ਪੋਲ ਹੋਣ ਦੀ ਬਹੁਤ ਧੀਮੀ ਗਤੀ ਹੈ, ਜਿਸ ਕਾਰਨ ਉਨ੍ਹਾਂ ਨੂੰ ਵਾਪਸ ਮੁੜਨਾ ਪੈ ਰਿਹਾ ਹੈ।

ਵੋਟਰਾਂ ਨੇ ਦੱਸਿਆ ਕਿ ਦੁਪਹਿਰ ਦੇ 12.30 ਵੱਜ ਚੁੱਕੇ ਹਨ, ਪਰ ਅਜੇ ਤੱਕ ਸਿਰਫ਼ 12 ਪ੍ਰਤੀਸ਼ਤ ਵੋਟ ਪੋਲ ਹੋਈ ਹੈ ਤੇ ਜਿਸ ਹਿਸਾਬ ਨਾਲ ਵੋਟਿੰਗ ਹੋ ਰਹੀ ਹੈ। ਉਸ ਤਰ੍ਹਾਂ ਤਾਂ ਕਈ ਵੋਟਰ ਆਪਣੀ ਵੋਟ ਪਾਉਣ ਤੋਂ ਵਾਂਝੇ ਰਹਿ ਜਾਣਗੇ। ਵੋਟਰ ਪ੍ਰਸ਼ਾਸ਼ਨ ਨੂੰ ਕੋਸ ਰਹੇ ਹਨ ਕਿ ਉਨ੍ਹਾਂ ਨੇ ਅੰਦਰ ਪੋਲਿੰਗ ਕਰਾ ਰਹੇ ਸਟਾਫ਼ ਨੂੰ ਕਈ ਵਾਰ ਵੋਟਾਂ ਦੇ ਕੰਮ ਵਿਚ ਤੇਜ਼ੀ ਲਿਆਂਦੀ ਜਾਵੇ ਪਰ ਹਾਲਾਤ ਜਿਉਂ ਦੇ ਤਿਉਂ ਹਨ।

ਵੋਟਰਾਂ ਨੇ ਕਿਹਾ ਕਿ ਉਹ ਲਾਈਨਾਂ ਵਿਚ ਖੜ ਖੜ ਕੇ ਵਾਪਸ ਮੁੜ ਰਹੇ ਹਨ ਤੇ ਜੇਕਰ ਪ੍ਰਸ਼ਾਸਨ ਨੇ ਵੋਟਿੰਗ ਦੇ ਕੰਮ ਵਿਚ ਤੇਜ਼ੀ ਨਾ ਲਿਆਂਦੀ ਤਾਂ ਇੱਥੇ ਨਿਰਪੱਖ ਚੋਣਾਂ ਨਹੀਂ ਹੋਣਗੀਆਂ। ਵੋਟਿੰਗ ਦੀ ਧੀਮੀ ਗਤੀ ਹੋਣ ਕਾਰਨ ਲੋਕ ਲੰਮੀਆਂ ਕਤਾਰ੍ਹਾਂ ਲੱਗੀਆਂ ਦੇਖ ਕੇ ਬਿਨਾਂ ਵੋਟ ਪਾਏ ਹੀ ਪਰਤ ਰਹੇ ਹਨ। ਪੋਲਿੰਗ ਬੂਥ ਦੇ ਬਾਹਰ ਵੋਟਰਾਂ ਨੇ ਪ੍ਰਸ਼ਾਸਨ ਖਿਲਾਫ਼ ਰੋਸ ਪ੍ਰਗਟਾਉਂਦਿਆਂ ਨਾਅਰੇਬਾਜ਼ੀ ਵੀ ਕੀਤੀ, ਜਦੋਂ ਇਸ ਸਬੰਧੀ ਚੋਣ ਅਧਿਕਾਰੀ ਨਾਇਬ ਤਹਿਸੀਲਦਾਰ ਦਲਵਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਨੀਲੋਂ ਕਲਾਂ ਵਿਖੇ ਤੁਰੰਤ ਵੋਟਿੰਗ ਦੇ ਕੰਮ ਵਿਚ ਤੇਜ਼ੀ ਲਿਆਂਦੀ ਜਾਵੇਗੀ।

# ਪਿੰਡ ਸੈਣ ਭਗਤ ਸੋਹਲ 'ਚ ਵੋਟਾਂ ਪਾਉਣ ਲਈ ਕਹਿਣ 'ਤੇ ਹੋਏ ਝਗੜੇ 'ਚ ਚੱਲੀ ਗੋਲੀ ਤੇ ਲੱਥੀਆਂ ਪੱਗਾਂ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਸੂਬੇ ਭਰ 'ਚ ਅੱਜ ਹੋ ਰਹੀਆਂ ਪੰਚਾਇਤੀ ਚੋਣਾਂ ਦੌਰਾਨ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਸੈਣ ਭਗਤ ਸੋਹਲ ਵਿਖੇ ਵੋਟਾਂ ਪਾਉਣ ਲਈ ਲੱਗੀਆਂ ਲਾਈਨਾਂ ਵਿੱਚ ਲੋਕਾਂ ਨੂੰ ਵੋਟਾਂ ਪਾਉਣ ਲਈ ਕਹਿਣ 'ਤੇ ਹੋਏ ਝਗੜੇ ਦੌਰਾਨ ਪੱਗਾਂ ਲੱਥਣ ਅਤੇ ਗੋਲੀ ਚੱਲਣ ਨਾਲ ਇੱਕ ਨੌਜਵਾਨ ਅਤੇ ਦਾਤਰ ਕਿਰਪਾਨਾਂ ਦੇ ਵਾਰਾਂ ਨਾਲ ਤਿੰਨ ਨੌਜਵਾਨਾਂ ਦੇ ਗੰਭੀਰ ਜ਼ਖਮੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮਨਪ੍ਰੀਤ ਸਿੰਘ ਨਾਂ ਦਾ ਨੌਜਵਾਨ ਗੋਲੀ ਲੱਗਣ ਨਾਲ ਜ਼ਖ਼ਮੀ ਹੋਇਆ ਜਿਸ ਨੂੰ ਅੰਮ੍ਰਿਤਸਰ ਦੇ ਅਮਨਦੀਪ ਹਸਪਤਾਲ ਵਿਖੇ ਲਿਜਾਇਆ ਗਿਆ।ਜਦ ਕਿ ਮੈਂਬਰ ਬਲਵਿੰਦਰ ਸਿੰਘ ਬਿੰਦਰ, ਉਨ੍ਹਾਂ ਦਾ ਪੁੱਤਰ ਗਗਨਦੀਪ ਸਿੰਘ ਅਤੇ ਬੱਬੂ ਸੋਹਲ ਦਾ ਇਲਾਜ ਵੀ ਚੱਲ ਰਿਹਾ ਹੈ।ਇਸ ਸਬੰਧੀ ਪਿੰਡ ਸੈਣ ਭਗਤ ਸੋਹਲ ਦੇ ਸਾਬਕਾ ਸਰਪੰਚ ਸਰਵਣ ਸਿੰਘ ਸੋਹਲ ਅਨੁਸਾਰ ਉਨ੍ਹਾਂ ਦੇ ਚਾਚਾ ਤਰਸੇਮ ਸਿੰਘ ਸੋਹਲ ਬਤੌਰ ਸਰਪੰਚੀ ਦੇ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ।ਜਿਸ ਸਬੰਧੀ ਬਤੌਰ ਪੌਲਿੰਗ ਏਜੰਟ ਕੰਮ ਕਰ ਰਹੇ ਸਨ ਕਿ ਦੂਜੀ ਧਿਰ ਦੇ ਸਰਪੰਚੀ ਦੇ ਉਮੀਦਵਾਰ ਗੁਰਦੇਵ ਸਿੰਘ ਸੋਹਲ ਦੇ ਸਾਥੀਆਂ ਤੇ ਸਮਰਥਕਾਂ ਨੇ ਵੋਟਾਂ ਪਾਉਣ ਲਈ ਲੱਗੀਆਂ ਲਾਈਨਾਂ ਵਿੱਚ ਲੋਕਾਂ ਨੂੰ ਵੋਟਾਂ ਪਾਉਣ ਲਈ ਕਹਿਣਾ ਸ਼ੁਰੂ ਕਰ ਦਿੱਤਾ।ਜਿਸ 'ਤੇ ਰੋਕਿਆ ਗਿਆ ਤਾਂ ਉਨ੍ਹਾਂ ਨੇ ਗਲ ਪੈਂਦਿਆਂ ਪੱਗਾਂ ਲਾਹ ਦਿੱਤੀਆਂ ਤੇ ਹੱਥਾਂ ਵਿੱਚ ਫੜੇ ਦਾਤਰ ਕਿਰਪਾਨਾਂ ਨਾਲ ਹਮਲਾ ਕਰ ਦਿੱਤਾ ਜਿਸ ਨਾਲ ਸਾਡੇ ਮੈਂਬਰ ਬਲਵਿੰਦਰ ਸਿੰਘ ਬਿੰਦਰ ਅਤੇ ਉਨ੍ਹਾਂ ਦਾ ਪੁੱਤਰ ਗਗਨਦੀਪ ਸਿੰਘ ਗੰਭੀਰ ਜ਼ਖ਼ਮੀ ਹੋ ਗਏ ਨਾਲ ਹੀ ਬੱਬੂ ਸੋਹਲ ਵੀ ਜ਼ਖ਼ਮੀ ਹੋਇਆ।ਉਕਤ ਦੋਸ਼ੀ ਲਲਕਾਰੇ ਮਾਰਦੇ ਹੋਏ ਚੱਕੀ ਕੋਲ ਪੁੱਜ ਕੇ ਗੋਲੀਆਂ ਚਲਾਉਣ ਲੱਗ ਪਏ ਜਿਨ੍ਹਾ ਵਿੱਚੋਂ ਮਨਪ੍ਰੀਤ ਸਿੰਘ ਨਾਂ ਦੇ ਨੌਜਵਾਨ ਦੇ ਗੋਲੀ ਲੱਗੀ ਹੈ।ਜਦ ਕਿ ਮੌਕੇ 'ਤੇ ਪੁੱਜੇ ਡੀ ਐਸ ਪੀ ਸਬ ਡਵੀਜ਼ਨ ਕਮਲਮੀਤ ਸਿੰਘ, ਐਸ ਐਚ ਓ ਥਾਣਾ ਮੁਖੀ ਪਰਮਜੀਤ ਸਿੰਘ ਵਿਰਦੀ ਸਮੇਤ ਪੁਲਸ ਪਾਰਟੀ ਨੇ ਨਾਜ਼ੁਕ ਸਥਿਤੀ ਸੰਭਾਲਦਿਆਂ ਦੁਬਾਰਾ ਵੋਟਿੰਗ ਸ਼ੁਰੂ ਕਰਵਾਈ।ਇਸ ਮੌਕੇ ਡੀ ਐਸ ਪੀ ਕਮਲਮੀਤ ਸਿੰਘ ਦੱਸਿਆ ਕਿ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਕੇ ਥਾਣਾ ਝਬਾਲ ਵਿਖੇ ਕੇਸ ਦਰਜ ਕੀਤਾ ਜਾਵੇਗਾ।



# ਪੰਚਾਇਤੀ ਚੋਣਾਂ : ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਅਮਨ-ਅਮਾਨ ਨਾਲ ਚੜ੍ਹੀਆਂ ਨੇਪਰੇ



**ਮੋਗਾ (ਇਕਬਾਲ ਸਿੰਘ ਖਹਿਰਾ)**- ਪੰਚਾਇਤ ਚੋਣਾਂ ਨੂੰ ਲੈ ਕੇ ਅੱਜ ਜ਼ਿਲ੍ਹੇ ਭਰ ਦੀਆਂ 340 ਪੰਚਾਇਤਾਂ ਵਿਚੋਂ 266 ਪੰਚਾਇਤਾਂ ਲਈ ਪਈਆਂ ਵੋਟਾਂ ਦਾ ਕੰਮ ਸ਼ਾਮ 4 ਤੱਕ ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਅਮਨ-ਅਮਾਨ ਨਾਲ ਨੇਪਰੇ ਚੜ੍ਹਿਆ ਹੈ, ਭਾਵੇਂ ਕੁੱਝ ਪਿੰਡਾਂ ਵਿਚ ਸਥਿਤੀ ਕਾਫ਼ੀ ਤਣਾਅਪੂਰਨ ਬਣੀ ਹੋਈ ਸੀ। ਪ੍ਰੰਤੂ ਫ਼ਿਰ ਵੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪੋਲਿੰਗ ਬੂਥਾਂ 'ਤੇ ਸੁੱਰਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਦੱਸਣਾ ਬਣਦਾ ਹੈ ਕਿ ਜ਼ਿਲ੍ਹੇ ਭਰ ਦੀਆਂ 61 ਪੰਚਾਇਤਾਂ ਦੇ ਸਰਪੰਚ ਬਿਨ੍ਹਾਂ ਮੁਕਾਬਲਾ ਚੁਣੇ ਗਏ ਸਨ, ਜਦੋਂਕਿ 13 ਪੰਚਾਇਤਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ ਸੀ। ਬਿਨਾਂ ਮੁਕਾਬਲਾ ਚੁਣੀਆਂ ਗਈਆਂ ਪੰਚਾਇਤਾਂ ਨੂੰ ਵਿਰੋਧੀਆਂ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਚਣੌਤੀ ਦਿੱਤੀ ਸੀ। ਪ੍ਰੰਤੂ ਬੀਤੇ ਕੱਲ੍ਹ ਮਾਨਯੋਗ ਕੋਰਟ ਵਲੋਂ ਸਾਰੀਆਂ ਰਿੱਟ ਪਟੀਸ਼ਨਾਂ ਰੱਦ ਕਰ ਦਿੱਤੀਆਂ ਗਈਆਂ ਸਨ। ਅੱਜ ਤੜਕਸਾਰ ਜ਼ਿਲ੍ਹੇ ਭਰ ਦੇ ਪਿੰਡਾਂ ਵਿਚ ਵੋਟਰਾਂ ਵਲੋਂ ਲੰਮੀ ਕਤਾਰਾਂ ਲਗਾਈਆਂ ਗਈਆਂ ਸਨ ਤੇ ਆਪਣੀ ਵਾਰੀ ਸਿਰ ਪੋਲਿੰਗ ਬੂਥਾਂ 'ਤੇ ਵੋਟ ਪਾਈ ਜਾ ਰਹੀ ਸੀ। ਦੱਸਣਾ ਬਣਦਾ ਹੈ ਕਿ ਜ਼ਿਲ੍ਹੇ ਭਰ ਦੇ 5 ਲੱਖ 62 ਹਜ਼ਾਰ 867 ਵੋਟਰਾਂ ਲਈ 383 ਪੋਲਿੰਗ ਸਟੇਸ਼ਨਾਂ 'ਤੇ 662 ਪੋਲਿੰਗ ਬੂਥ ਬਣਾਏ ਗਏ ਸਨ। ਜ਼ਿਲ੍ਹਾ ਚੋਣ ਅਧਿਕਾਰੀਆਂ ਵਲੋਂ 39 ਪੋਲਿੰਗ ਬੂਥਾਂ ਨੂੰ ਅਤਿ ਸੰਵੇਦਨਸ਼ੀਲ ਕਰਾਰ ਦਿੱਤਾ ਗਿਆ ਸੀ। ਜਦੋਂ ਕਿ 79 ਪੋਲਿੰਗ ਬੂਥ ਸੰਵੇਦਸ਼ਨਸ਼ੀਲ ਐਲਾਨੇ ਸਨ।

ਅਤਿ ਸੰਵੇਦਸਨਸ਼ੀਲ ਐਲਾਨੇ ਪੋਲਿੰਗ ਬੂਥਾਂ 'ਤੇ ਸੁੱਰਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਸਭ ਤੋਂ ਪਹਿਲਾਂ ਵਿਧਾਨ ਸਭਾ ਹਲਕਾ ਮੋਗਾ ਦੇ ਪਿੰਡ ਮੱਲੀਆਂ ਵਾਲਾ ਵਿਖੇ ਦੋ ਧਿਰਾਂ ਦਰਮਿਆਨ ਤਕਰਾਰ ਹੋਇਆ। ਪਤਾ ਲੱਗਾ ਕਿ ਪੋਲਿੰਗ ਬੂਥਾਂ ਦੇ ਅੰਦਰ ਜਾਣ ਨੂੰ ਲੈ ਕੇ ਦੋ ਧਿਰਾਂ ਭਿੜ ਗਈਆਂ ਤੇ ਆਖਿਰਕਾਰ ਪੁਲਸ ਨੇ ਮਾਮਲੇ 'ਤੇ ਕਾਬੂ ਪਾਇਆ। ਜਾਣਕਾਰੀ ਮਿਲੀ ਹੈ ਕਿ ਇਸ ਪਿੰਡ ਵਿਚ ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਥਾਪੜੇ ਨਾਲ ਚੋਣ ਮੈਦਾਨ ਵਿਚ ਨਿੱਤਰੇ ਉਮੀਦਵਾਰਾਂ ਵਿਚ ਸਿੱਧੀ ਟੱਕਰ ਬਣੀ ਹੋਈ ਹੈ। ਇਸੇ ਦੌਰਾਨ ਮੋਗਾ ਹਲਕੇ ਦੇ ਬਹੁਚਰਚਿਤ ਪਿੰਡ ਮੰਗੇਵਾਲਾ ਵਿਖੇ ਹੀ ਦੋ ਧਿਰਾਂ ਦਰਮਿਆਨ ਡਾਂਗਾ ਸੋਟੇ ਚੱਲੇ ਤੇ ਇਸ ਵਿਚ ਦੋ ਵਿਅਕਤੀ ਜਖ਼ਮੀ ਹੋ ਗਏ ਜਿਨ੍ਹਾਂ ਨੂੰ ਸਰਕਾਰੀ ਹਸਪਤਾਲ ਡਰੋਲੀ ਭਾਈ ਵਿਖੇ ਭਰਤੀ ਕਰਵਾਇਆਂ ਗਿਆ ਹੈ। ਚੋਣਾਂ ਦੌਰਾਨ ਪਿੰਡ ਵਿਚ ਸਥਿਤੀ ਕਾਫ਼ੀ ਤਣਾਅਪੂਰਨ ਬਣੀ ਰਹੀ। ਕਾਂਗਰਸੀ ਆਗੂ ਜਗਸੀਰ ਸਿੰਘ ਮੰਗੇਵਾਲਾ ਨੇ ਕਿਹਾ ਕਿ ਸਮੇਂ ਸਿਰ ਪ੍ਰਸ਼ਾਸਨ ਨੇ ਮਾਮਲੇ ਵੱਲ ਧਿਆਨ ਨਹੀਂ ਦਿੱਤਾ, ਜਿਸ ਕਰਕੇ ਇਹ ਘਟਨਾ ਵਾਪਰੀ ਹੈ। ਹਲਕਾ ਧਰਮਕੋਟ ਦੇ ਪਿੰਡ ਮਸੀਤਾਂ ਵਿਖੇ ਵੀ ਪੋਲਿੰਗ ਬੂਥ ਦੇ ਐਨ ਸਾਹਮਣੇ ਦੋ ਧਿਰਾਂ ਦਰਮਿਆਨ ਇੱਟਾਂ ਰੋੜੇ ਚੱਲ ਗਏ। ਚੋਣ ਪ੍ਰਕਿਰਿਆਂ ਮੁਕੰਮਲ ਹੋਣ ਦੇ ਆਖਰੀ ਘੰਟੇ ਹਲਕਾ ਬਾਘਾਪੁਰਾਣਾ ਦੇ ਪਿੰਡ ਕੋਟਲਾ ਮੇਹਰ ਸਿੰਘ ਵਾਲਾ ਵਿਖੇ ਗੋਲੀਆਂ ਚੱਲ ਪਈਆਂ ਤੇ ਲੋਕਾਂ ਨੇ ਭੱਜ ਕੇ ਜਾਨ ਬਚਾਈ। ਇਸ ਮਾਮਲੇ ਵਿਚ ਵੀ ਕਈ ਲੋਕਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਜ਼ਿਲ੍ਹੇ ਭਰ ਦੇ ਵੱਡੇ ਪਿੰਡਾਂ ਡਰੋਲੀ ਭਾਈ, ਰਾਊਕੇ ਕਲਾਂ, ਘੱਲ ਕਲਾਂ, ਅਜੀਤਵਾਲ, ਸੈਦੋਕੇ, ਮਾਣੂੰਕੇ ਗਿੱਲ, ਸੁਖਾਨੰਦ, ਹਿੰਮਤਪੁਰਾ, ਲੋਪੋਂ ਸਮੇਤ ਹੋਰ ਪਿੰਡਾਂ ਵਿਚ ਚੋਣ ਨਤੀਜੇ ਦੇਰ ਰਾਤ ਤੱਕ ਆਉਣ ਦੀ ਸੰਭਾਵਨਾ ਹੈ। ਪੁਲਸ ਪ੍ਰਸ਼ਾਸਨ ਵਲੋਂ ਮਿਲੀ ਜਾਣਕਾਰੀ ਤਹਿਤ ਚੋਣਾਂ ਵਿਚ ਅਮਨ ਕਾਨੂੰਨ ਦੀ ਸਥਿਤੀ ਨੂੰ ਬਣਾਈ ਰੱਖਣ ਲਈ 114 ਲੋਕਾਂ ਨੂੰ ਪਹਿਲਾਂ ਹਿਰਾਸਤ ਵਿਚ ਲਿਆ ਗਿਆ ਸੀ, ਜਦੋਂਕਿ 4 ਵਿਅਕਤੀ ਅੱਜ ਪੁਲਸ ਨੇ ਫੜ੍ਹੇ ਹਨ। ਮੋਗਾ ਜ਼ਿਲ੍ਹੇ ਦੇ ਹਲਕਾ ਧਰਮਕੋਟ ਅਧੀਨ ਪੈਂਦੇ ਪਿੰਡ ਤਖਤੂਵਾਲਾ ਦਾ ਚੋਣ ਨਤੀਜਾ ਸਭ ਤੋਂ ਪਹਿਲਾਂ ਆਇਆ ਹੈ। ਪਿੰਡ ਦੇ ਚੌਥੀ ਦਫ਼ਾ ਸਰਪੰਚ ਚੁਣੇ ਗਏ ਜਸਵਿੰਦਰ ਸਿੰਘ ਤਖਤੂਵਾਲਾ ਇਸ ਤੋਂ ਪਹਿਲਾ, 2003 ਤੋਂ 2008, 2008-2013, 2018-2023 ਵਿਚ ਵੀ ਪਿੰਡ ਦੀ ਸੇਵਾ ਕਰ ਚੁੱਕੇ ਹਨ। ਚੌਥੀ ਜਿੱਤ ਦਰਜ਼ ਕਰਨ ਵਾਲੇ ਸਰਪੰਚ ਤਖਤੂਵਾਲਾ ਨੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਹੈ। ਇਸ ਮੌਕੇ ਪ੍ਰਧਾਨ ਅਮਰਜੀਤ ਸਿੰਘ ਬਿੱਟੂ ਬੀਜਾਪੁਰ, ਸਾਬਕਾ ਸਰਪੰਚ ਬਿੱਟੂ ਸੈਦਮਹੁੰਮਦ, ਸਾਬਕਾ ਸਰਪੰਚ ਇਕਬਾਲ ਸਿੰਘ ਰਾਮਗੜ੍ਹ ਵੀ ਹਾਜ਼ਰ ਸਨ।

## ਕਾਤਰਾਂ

### ਯੂ ਕੇ ਭੇਜਣ ਦਾ ਝਾਂਸਾ ਦੇ ਕੇ ਮਾਰੀ 2 ਲੱਖ 40 ਹਜ਼ਾਰ ਰੁਪਏ ਦੀ ਠੱਗੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਕੜਮਾ ਵਿਖੇ ਇਕ ਨੌਜਵਾਨ ਨੂੰ ਵਿਦੇਸ਼ ਯੂਕੇ ਭੇਜਣ ਦਾ ਝਾਂਸਾ ਦੇ ਕੇ 2 ਲੱਖ 40 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿਚ ਥਾਣਾ ਕੈਂਟ ਫਿਰੋਜ਼ਪੁਰ ਪੁਲਿਸ ਨੇ ਇਕ ਵਿਅਕਤੀ ਖਿਲਾਫ 420 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਦਰਖਾਸਤ ਨੰਬਰ/ਯੂਆਈਡੀ ਨੰਬਰ 422398 ਰਾਹੀਂ ਅਵਤਾਰ ਸਿੰਘ ਪੁੱਤਰ ਟਹਿਲ ਸਿੰਘ ਵਾਸੀ ਕੜਮਾ ਨੇ ਦੱਸਿਆ ਕਿ ਦੋਸ਼ੀ ਸੁਖਚੈਨ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਬਸਤੀ ਗੁਲਾਬ ਸਿੰਘ ਵਾਲੀ ਨੇ ਉਸ ਨੂੰ ਵਿਦੇਸ਼ ਯੂਕੇ ਭੇਜਣ ਦਾ ਝਾਂਸਾ ਦੇ ਕੇ 2 ਲੱਖ 40 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ। ਜਾਂਚਕਰਤਾ ਰਮਨ ਕੁਮਾਰ ਨੇ ਦੱਸਿਆ ਕਿ ਪੁਲਿਸ ਨੇ ਉਕਤ ਦੋਸ਼ੀ ਖਿਲਾਫ ਬਾਅਦ ਪੜਤਾਲ ਮੁਕੱਦਮਾ ਦਰਜ ਕੀਤਾ ਗਿਆ ਹੈ।

### ਡੀ ਏ ਵੀ ਸਕੂਲ ਕਾਲਾਂਵਾਲੀ ਨੇ ਮਨਾਇਆ ਵੈਦਿਕ ਸੰਸਕਾਰ ਪਖਵਾੜਾ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਮੰਡੀ ਕਾਲਾਂਵਾਲੀ ਦੇ ਮਾਤਾ ਪੁੰਨਾ ਦੇਵੀ ਡੀਏਵੀ ਸੀਨੀਅਰ ਸਕੈਂਡਰੀ ਸਕੂਲ ਵਿਖੇ ਆਰੀਆ ਖੇਤਰੀ ਪ੍ਰਤੀਨਿਧੀ ਸਭਾ ਹਰਿਆਣਾ ਦੀ ਅਗਵਾਈ ਵਿੱਚ ਵੈਦਿਕ ਸੰਸਕਾਰ ਪਖਵਾੜਾ ਮਨਾਇਆ ਗਿਆ। ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਕਵਿਤਾ ਸ਼ਰਮਾ ਦੀ ਪ੍ਰਧਾਨਗੀ ਹੇਠ ਸਕੂਲ ਦੀ ਲਾਇਬ੍ਰੇਰੀ ਵਿਚ ਵੈਦਿਕ ਸਾਹਿਤ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਵਿੱਚ ਸਕੂਲੀ ਵਿਦਿਆਰਥੀਆਂ ਨੇ ਇਸ ਪ੍ਰਦਰਸ਼ਨੀ ਦਾ ਲਾਭ ਉਠਾਇਆ। ਇਸ ਪ੍ਰਦਰਸ਼ਨੀ ਰਾਹੀਂ ਸਾਰੇ ਵਿਦਿਆਰਥੀਆਂ ਨੂੰ ਵੈਦਿਕ ਸਾਹਿਤ ਤੋਂ ਜਾਣੂ ਕਰਾਇਆ ਗਿਆ ਤੇ ਵਿਦਿਆਰਥੀਆਂ ਵਿੱਚ ਵੈਦਿਕ ਕਦਰਾਂ-ਕੀਮਤਾਂ ਨੂੰ ਪ੍ਰਫੁੱਲਤ ਕਰਨ ਦਾ ਉਪਰਾਲਾ ਕੀਤਾ ਗਿਆ।ਸ਼੍ਰੀਮਤੀ ਕਵਿਤਾ ਸ਼ਰਮਾ ਵੱਲੋਂ ਕਮੇਟੀ ਦੇ ਅਹੁਦੇਦਾਰਾਂ, ਅਧਿਆਪਕਾਂ, ਵਿਦਿਆਰਥੀਆਂ ਤੇ ਪ੍ਰਬੰਧਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

### ਸੰਤੋਸ਼ ਸੇਵਾ ਕੁੰਜ 'ਚ ਮੁਫਤ ਸਿਲਾਈ ਸਕੂਲ ਦਾ ਦੂਜਾ ਬੈਚ ਸਫਲਤਾਪੂਰਵਕ ਸੰਪੰਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਯੰਕ ਫਾਊਂਡੇਸ਼ਨ ਵੱਲੋਂ ਚਲਾਏ ਜਾ ਰਹੇ ਸੰਤੋਸ਼ ਸੇਵਾ ਕੁੰਜ ਵਿਖੇ ਮੁਫ਼ਤ ਸਿਲਾਈ ਸਕੂਲ ਦਾ ਦੂਜਾ ਬੈਚ ਸਫਲਤਾਪੂਰਵਕ ਸੰਪੰਨ ਹੋ ਗਿਆ।ਇਹ ਸਿਖਲਾਈ ਕੈਂਪ ਔਰਤਾਂ ਨੂੰ ਆਤਮ-ਨਿਰਭਰ ਬਣਾਉਣ ਦੇ ਉਦੇਸ਼ ਨਾਲ ਚਲਾਇਆ ਜਾ ਰਿਹਾ ਹੈ, ਤਾਂ ਜੁ ਉਨ੍ਹਾਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਮਿਲ ਸਕਣ ਤੇ ਆਪਣੇ ਪਰਵਾਰਾਂ ਦੀ ਆਰਥਿਕ ਸਥਿਤੀ ਮਜ਼ਬੂਤ ਹੋ ਸਕੇ।ਇਸ ਬੈਚ ਵਿੱਚ 25 ਔਰਤਾਂ ਨੇ ਭਾਗ ਲਿਆ ਤੇ ਟੇਲਰਿੰਗ ਅਤੇ ਕਢਾਈ ਦੇ ਵੱਖ-ਵੱਖ ਤਕਨੀਕੀ ਪਹਿਲੂਆਂ ਦੀ ਸਿਖਲਾਈ ਪ੍ਰਾਪਤ ਕੀਤੀ।ਟ੍ਰੇਨਿੰਗ ਦੌਰਾਨ ਔਰਤਾਂ ਨੂੰ ਨਾ ਸਿਰਫ਼ ਬੇਸਿਕ ਟੇਲਰਿੰਗ ਬਾਰੇ ਸਿਖਾਇਆ ਗਿਆ, ਸਗੋਂ ਆਧੁਨਿਕ ਡਿਜ਼ਾਈਨਾਂ ਤੇ ਰੁਝਾਨਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।ਇਸ ਕੋਰਸ ਰਾਹੀਂ ਔਰਤਾਂ ਸਵੈ-ਨਿਰਭਰਤਾ ਵੱਲ ਕਦਮ ਵਧਾ ਰਹੀਆਂ ਹਨ, ਜਿਸ ਨਾਲ ਉਨ੍ਹਾਂ ਨੂੰ ਆਪਣੇ ਹੁਨਰ ਦੀ ਵਪਾਰਕ ਵਰਤੋਂ ਕਰਨ ਵਿੱਚ ਮਦਦ ਮਿਲੇਗੀ।ਸਮਾਗਮ ਦੌਰਾਨ ਮੋਗਾ ਪਰਵਾਰ, ਮਯੰਕ ਫਾਊਂਡੇਸ਼ਨ ਦੇ ਸੰਸਥਾਪਕ ਤੇ ਹੋਰ ਪਤਵੰਤਿਆਂ ਨੇ ਔਰਤਾਂ ਨੂੰ ਉਨ੍ਹਾਂ ਦੀ ਮਿਹਨਤ ਤੇ ਲਗਨ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ 'ਚ ਕੁਸ਼ਲਤਾਵਾਂ ਦੇ ਵਿਕਾਸ ਲਈ ਸੈਮੀਨਾਰ



**ਭੀਖੀ/ਮਾਨਸਾ (ਆਤਮਾ ਸਿੰਘ ਪਮਾਰ)**

ਸਕੂਲ ਸਿੱਖਿਆ ਵਿਭਾਗ ਵੱਲੋਂ ਨਵੀਂ ਸਿੱਖਿਆ ਨੀਤੀ ਤੇ ਨਵਾਂ ਪਾਠਕ੍ਰਮ ਫਰੇਮ ਵਰਕ ਤਹਿਤ ਵਿਦਿਆਰਥੀਆਂ ਵਿੱਚ ਕੁਸ਼ਲਤਾਵਾਂ ਦੇ ਵਿਕਾਸ ਲਈ ਚਲਾਏ ਜਾ ਰਹੇ ਪ੍ਰੋਗਰਾਮ ਸੀ.ਈ.ਪੀ. ਨੂੰ ਅੱਗੇ ਵਧਾਉਣ 'ਤੇ ਇਸਦੀ ਪਹੁੰਚ ਪ੍ਰਾਈਵੇਟ, ਏਡਿਡ ਤੇ ਕੇਂਦਰੀ ਸਕੂਲਾਂ ਤੱਕ ਵੀ ਕਰਨ ਦੀ ਨੀਤੀ ਤਹਿਤ ਜ਼ਿਲ੍ਹਾ ਮਾਨਸਾ ਵਿਖੇ ਪ੍ਰਾਈਵੇਟ ਤੇ ਏਡਿਡ ਸਕੂਲ ਦੇ ਪ੍ਰਿੰਸੀਪਲਾਂ ਲਈ ਸੀ.ਈ.ਪੀ. ਸੰਬੰਧੀ ਮੀਟਿੰਗ-ਕਮ-ਵਰਕਸ਼ਾਪ ਦਾ ਅਯੋਜਨ ਭੁਪਿੰਦਰ ਕੌਰ, ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਤੇ ਡਾ. ਬੂਟਾ ਸਿੰਘ ਸੇਖੋਂ ਅਸਿਸਟੈਂਟ ਡਾਇਰੈਕਟਰ ਰਾਜ ਵਿੱਦਿਅਕ ਖੋਜ ਤੇ ਸਿਖਲਾਈ ਕੌਂਸਲ ਪੰਜਾਬ ਦੀ ਯੋਗ ਅਗਵਾਈ ਵਿੱਚ ਵਿਦਿਆ ਸਾਗਰ ਕਾਲਜ ਵਿਖੇ ਕੀਤਾ ਗਿਆ। ਵਰਕਸ਼ਾਪ ਦੇ ਮੁੱਖ ਮਹਿਮਾਨ ਡਾ. ਬੂਟਾ ਸਿੰਘ ਸੇਖੋਂ ਤੇ ਭੁਪਿੰਦਰ ਕੌਰ ਦਾ ਸਵਾਗਤ ਵਿੱਦਿਆ ਸਾਗਰ ਕਾਲਜ ਦੇ ਚੇਅਰਮੈਨ ਰਕੇਸ਼ ਜਿੰਦਲ ਤੇ ਸਤੀਸ਼ ਕੁਮਾਰ ਨੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਕੀਤਾ।ਸੈਮੀਨਾਰ ਨੂੰ ਸੰਬੋਧਨ ਕਰਦਿਆਂ ਡਾ. ਸੇਖੋਂ ਤੇ ਮੈਡਮ ਭੁਪਿੰਦਰ ਕੌਰ ਨੇ ਕਿਹਾ ਸਿੱਖਿਆ ਦਾ ਅਹਿਮ ਕਾਰਜ ਵਿੱਦਿਆਰਥੀ ਨੂੰ ਨਿੱਤ ਦਿਹਾੜੇ ਦੀ ਜ਼ਿੰਦਗੀ ਵਿੱਚ ਕੁਸ਼ਲ ਬਣਾਉਣਾ ਹੈ।ਜੇਕਰ ਵਿਦਿਆਰਥੀ ਨੂੰ ਪੜ੍ਹਾਏ ਜਾਣ ਵਾਲੇ ਵਿਸ਼ੇ ਉਸਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਸਮਰੱਥ ਬਣਾ ਕੇ ਉਸਦੀ ਸਮਝ ਵਿਕਸਤ ਨਹੀਂ ਕਰਦੇ ਤਾਂ ਅਜਿਹੀ ਸਿੱਖਿਆ ਵਿਅਰਥ ਹੈ।ਸਿੱਖਿਆ ਦੇ ਇਸ ਮੰਤਵ ਦੀ ਪੂਰਤੀ ਲਈ ਹੀ ਸੀ.ਈ.ਪੀ. ਪ੍ਰੋਗਰਾਮ ਚਲਾਇਆ ਗਿਆ ਹੈ।ਹਾਜ਼ਰ ਪ੍ਰਿੰਸੀਪਲ ਨੂੰ ਸਮੁੱਚੇ ਵਿਸ਼ੇ ਬਾਰੇ ਜਾਣਕਾਰੀ ਦਿੰਦਿਆ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਨਵਨੀਤ ਕੱਕੜ ਨੇ ਸੀ.ਈ.ਪੀ. ਬਾਰੇ, ਇਸਦੇ ਅਹਿਮ ਪੱਖਾਂ ਬਾਰੇ, ਸਟੱਡੀ ਮਟੀਰੀਅਲ ਬਾਰੇ ਅਤੇ ਇਸਦੀ ਜ਼ਰੂਰਤ ਬਾਰੇ ਚਰਚਾ ਕੀਤੀ।

## ਡਾ. ਮਨਜੀਤ ਕੌਰ ਆਜ਼ਾਦ ਦੀ ਪੁਸਤਕ 'ਵਿਸ਼ਵ ਸੱਭਿਆਚਾਰ ਬਨਾਮ ਸਥਾਨਕ ਸੱਭਿਆਚਾਰ' ਨੂੰ ਪੁਰਸਕਾਰ ਦਾ ਐਲਾਨ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਸ਼ਾ ਵਿਭਾਗ ਪੰਜਾਬ ਵੱਲੋਂ ਐਲਾਨੇ ਗਏ ਸਰਵੋਤਮ ਪੁਰਸਕਾਰਾਂ ਵਿੱਚੋਂ ਸਾਲ 2022 ਦਾ ਆਲੋਚਨਾ ਦਾ ਵੱਕਾਰੀ ਪੁਰਸਕਾਰ ਡਾ. ਅਤਰ ਸਿੰਘ, ਪੁਰਸਕਾਰ ਡਾ. ਮਨਜੀਤ ਕੌਰ ਆਜ਼ਾਦ ਦੀ ਪੁਸਤਕ 'ਵਿਸ਼ਵ ਸੱਭਿਆਚਾਰ ਬਨਾਮ ਸਥਾਨਕ ਸੱਭਿਆਚਾਰ' ਨੂੰ ਦੇਣ ਦਾ ਐਲਾਨ ਕੀਤਾ ਹੈ।ਗੌਰਤਲਬ ਹੈ ਕਿ ਇਸ ਪੁਸਤਕ ਵਿੱਚ ਡਾ. ਮਨਜੀਤ ਕੌਰ ਆਜ਼ਾਦ ਵੱਲੋਂ ਵਿਸ਼ਵੀਕਰਨ ਦੇ ਮਾਨਵੀ ਜ਼ਿੰਦਗੀ ਦੇ ਵਿਭਿੰਨ ਪੱਖਾਂ 'ਤੇ ਪਏ ਪ੍ਰਭਾਵਾਂ ਸਦਕਾ ਪਣਪ ਰਹੇ ਨਵ ਵਿਸ਼ਵ ਸੱਭਿਆਚਾਰ ਬਾਬਤ ਬਾਰੀਕ ਤੇ ਨਿੱਗਰ ਚਰਚਾ ਕੀਤੀ ਹੈ। ਇਸ ਤੋਂ ਪਹਿਲਾਂ ਵੀ ਲੇਖਿਕਾ ਵੱਲੋਂ ਦੋ ਕਵਿਤਾ ਦੀਆਂ ਅਤੇ ਆਲੋਚਨਾ ਦੀਆਂ ਦੋ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।ਉਨ੍ਹਾਂ ਦੀ ਇਸ ਮਾਣਮੱਤੀ ਪ੍ਰਾਪਤੀ ਲਈ ਫਿਰੋਜ਼ਪੁਰ ਸ਼ਹਿਰ ਅਤੇ ਆਰਐੱਸਡੀ ਕਾਲਜ ਲਈ ਵੀ ਮਾਣ ਵਾਲੀ ਗੱਲ ਹੋਣੀ ਚਾਹੀਦੀ ਹੈ, ਜਿੱਥੇ ਉਹ ਪਿਛਲੇ 13 ਸਾਲ ਤੋਂ ਪੰਜਾਬੀ ਅਧਿਆਪਕਾ ਵਜੋਂ ਸੇਵਾਵਾਂ ਨਿਭਾ ਰਹੇ ਹਨ, ਪਰ ਅਫ਼ਸੋਸ ਹੈ ਕਿ ਆਰਐੱਸਡੀ ਸੰਸਥਾ ਆਪਣੀ ਇਸ ਅਧਿਆਪਕਾ ਦੀ ਇਸ ਪ੍ਰਾਪਤੀ ਲਈ ਮਾਣਮੱਤੀ ਨਹੀਂ ਹੋ ਸਕੇਗੀ, ਕਿਉਂਕਿ ਭਾਸ਼ਾ ਵਿਭਾਗ ਦੇ ਇਸ ਵੱਕਾਰੀ ਪੁਰਸਕਾਰ ਵਿਜੇਤਾ ਡਾ. ਮਨਜੀਤ ਕੌਰ ਆਜ਼ਾਦ ਨੂੰ ਆਰਐੱਸਡੀ ਕਾਲਜ ਦੀ ਮੈਨੇਜਮੈਂਟ ਨੇ ਉਨ੍ਹਾਂ ਦੇ ਦੋ ਹੋਰ ਸਹਿਯੋਗੀਆਂ ਸਮੇਤ ਪਿਛਲੇ ਸਾਲ ਬਿਨਾਂ ਵਜ੍ਹਾ ਨੌਕਰੀ ਤੋਂ ਕੱਢ ਦਿੱਤਾ ਸੀ।



# ਭਾਕਿਯੂ ਵੱਲੋਂ 17 ਤੋਂ ਟੋਲ ਪਲਾਜ਼ੇ ਫ੍ਰੀ ਤੇ 18 ਤੋਂ ਭਾਜਪਾ ਤੇ ਆਪ ਵਿਧਾਇਕਾਂ ਦੇ ਘਰਾਂ ਅੱਗੇ ਪੱਕੇ ਮੋਰਚੇ ਲਾਉਣ ਦਾ ਐਲਾਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਪੂਰੀ ਝੋਨਾ ਖਰੀਦ ਅਤੇ ਚੁਕਾਈ ਲਈ 17 ਅਕਤੂਬਰ ਤੋਂ ਟੋਲ ਪਲਾਜ਼ੇ ਫ੍ਰੀ ਕਰਨ ਅਤੇ 18 ਅਕਤੂਬਰ ਤੋਂ ਭਾਜਪਾ ਦੇ ਮੁੱਖ ਆਗੂਆਂ ਪ੍ਰਨੀਤ ਕੌਰ ਅਤੇ ਅਰਵਿੰਦ ਖੰਨਾ ਵਰਗੇ ਸਾਰੇ ਆਗੂਆਂ ਸਮੇਤ ਆਪ ਦੇ ਵੱਧ ਤੋਂ ਵੱਧ ਵਿਧਾਇਕਾਂ/ਸਾਂਸਦਾਂ ਤੇ ਮੰਤਰੀਆਂ ਦੇ ਘਰਾਂ ਅੱਗੇ ਪੱਕੇ ਮੋਰਚੇ ਲਾਉਣ ਦਾ ਐਲਾਨ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਜਥੇਬੰਦੀ ਦੀ ਪੰਜ ਮੈਂਬਰੀ ਸੂਬਾ ਆਗੂ ਟੀਮ ਦੇ ਫ਼ੈਸਲੇ ਅਨੁਸਾਰ ਦੋਨਾਂ ਕਿਸਮਾਂ ਦੇ ਮੋਰਚੇ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਮੰਨੇ ਜਾਣ ਤੱਕ ਲਗਾਤਾਰ ਦਿਨੇ ਰਾਤ ਜਾਰੀ ਰੱਖੇ ਜਾਣਗੇ। ਇਨ੍ਹਾਂ ਮੰਗਾਂ ਵਿੱਚ ਝੋਨੇ ਦੀ ਪੂਰੇ ਐੱਮ ਐੱਸ ਪੀ 'ਤੇ ਨਿਰਵਿਘਨ ਖਰੀਦ ਚਾਲੂ ਕਰਨ ਤੋਂ ਇਲਾਵਾ ਹੁਣ ਤੱਕ ਘੱਟ ਮੁੱਲ 'ਤੇ ਵਿਕੇ ਝੋਨੇ ਦੀ ਕਮੀ ਪੂਰਤੀ ਕਰਨ; ਸਰਕਾਰੀ ਸਿਫਾਰਸ਼ ਅਨੁਸਾਰ ਪਾਣੀ ਦੀ ਬੱਚਤ ਲਈ ਬੀਜੀ ਗਈ ਪੀ ਆਰ 126 ਕਿਸਮ ਦੇ ਪੂਸਾ 44 ਨਾਲੋਂ ਘੱਟ ਝਾੜ ਦੀ ਅਤੇ ਐੱਮ ਐੱਸ ਪੀ ਤੋਂ ਘੱਟ ਮਿਲੇ ਮੁੱਲ ਦੀ ਕਮੀ ਪੂਰਤੀ ਕਰਨ; ਬਾਸਮਤੀ ਦਾ ਲਾਭਕਾਰੀ ਐੱਮ ਐੱਸ ਪੀ ਮਿੱਥਣ ਅਤੇ ਹੁਣ ਪਿਛਲੇ ਸਾਲ ਵਾਲੇ ਔਸਤ ਰੇਟ 'ਤੇ ਖਰੀਦ ਕਰਨ ਸਮੇਤ ਹੁਣ ਤੱਕ ਪੈ ਚੁੱਕੇ ਘਾਟੇ ਦੀ ਕਮੀ ਪੂਰਤੀ ਕਰਨ; ਝੋਨੇ ਦੀ ਵੱਧ ਤੋਂ ਵੱਧ ਨਮੀ 22% ਕਰਨ ਅਤੇ ਦਾਗੀ ਦਾਣਿਆਂ ਵਰਗੀਆਂ ਹੋਰ ਸ਼ਰਤਾਂ ਨਰਮ ਕਰਨ; ਮੰਡੀ ਮਜ਼ਦੂਰਾਂ ਦੀ ਮਜ਼ਦੂਰੀ ਉਨ੍ਹਾਂ ਦੀ ਮੰਗ ਅਨੁਸਾਰ ਮਿੱਥਣ ਅਤੇ ਹੋਰ ਹੱਕੀ ਮੰਗਾਂ ਮੰਨਣ; ਸੰਸਾਰ ਵਪਾਰ ਸੰਸਥਾ ਦੀ ਖੁੱਲ੍ਹੀ ਮੰਡੀ ਦੀ ਨੀਤੀ ਰੱਦ ਕਰਨ ਅਤੇ ਇਸ ਸੰਸਥਾ 'ਚੋਂ ਬਾਹਰ ਆਉਣ; ਨਵੇਂ ਚੌਲਾਂ ਦੀ ਸਟੋਰੇਜ ਲਈ ਸ਼ੈਲਰ ਮਾਲਕਾਂ ਦੇ ਜਮ੍ਹਾਂ ਪਏ ਚੌਲਾਂ ਦੀ ਚੁਕਾਈ ਤੇਜ਼ੀ ਨਾਲ ਕਰਨ; ਪਰਾਲ਼ੀ ਸਾੜਨ ਤੋਂ ਬਗੈਰ ਨਿਪਟਾਰੇ ਲਈ 200 ਰੁਪਏ ਪ੍ਰਤੀ ਕੁਇੰਟਲ ਬੋਨਸ ਦੇਣ ਅਤੇ ਕੇਸ ਮੜ੍ਹਨ, ਜੁਰਮਾਨੇ ਕਰਨ ਜਾਂ ਲਾਲ ਐਂਟ੍ਰੀਆਂ ਕਰਨ ਦਾ ਜਾਬਰ ਸਿਲਸਿਲਾ ਬੰਦ ਕਰਨ ਸਮੇਤ ਪਹਿਲਾਂ ਚੁੱਕੇ ਅਜਿਹੇ ਜਾਬਰ ਕਦਮ ਵਾਪਸ ਲੈਣ ਵਰਗੀਆਂ ਮੰਗਾਂ ਸ਼ਾਮਲ ਹਨ। ਕਿਸਾਨ ਆਗੂਆਂ ਨੇ ਕਿਸਾਨਾਂ ਦੀਆਂ ਇਨ੍ਹਾਂ ਹੱਕੀ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕਰਨ ਲਈ ਕੇਂਦਰੀ ਤੇ ਪੰਜਾਬ ਦੋਨਾਂ ਸਰਕਾਰਾਂ ਨੂੰ ਦੋਸ਼ੀ ਠਹਿਰਾਇਆ ਹੈ, ਜਿਹੜੀਆਂ ਕਾਰਪੋਰੇਟ ਪੱਖੀ ਸੰਸਾਰ ਵਪਾਰ ਸੰਸਥਾ ਦੀ ਖੁੱਲ੍ਹੀ ਮੰਡੀ ਦੀ ਨੀਤੀ ਮੜ੍ਹਨ 'ਤੇ ਉਤਾਰੂ ਹਨ। ਉਨ੍ਹਾਂ ਨੇ ਸਰਕਾਰਾਂ ਦੇ ਇਨ੍ਹਾਂ ਕਿਸਾਨ ਮਾਰੂ ਇਰਾਦਿਆਂ ਨੂੰ ਮਾਤ ਦੇਣ ਲਈ ਪੰਜਾਬ ਦੇ ਸਮੂਹ ਕਿਸਾਨਾਂ ਮਜ਼ਦੂਰਾਂ ਨੂੰ ਪਰਵਾਰਾਂ ਸਮੇਤ ਪੱਕੇ ਮੋਰਚਿਆਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਸਮੂਹ ਪਿੰਡਾਂ ਦੇ ਕਿਸਾਨਾਂ ਮਜ਼ਦੂਰਾਂ ਨੂੰ ਅਪੀਲ ਕੀਤੀ ਹੈ ਕਿ ਇਨ੍ਹੀਂ ਦਿਨੀਂ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਦਿਨ ਰਾਤ ਇੱਕ ਕਰਨ ਵਾਂਗ ਹੀ ਸਰਕਾਰਾਂ ਦੇ ਇਸ ਕਿਸਾਨ ਮਾਰੂ ਹਮਲੇ ਨੂੰ ਮਾਤ ਦੇਣ ਲਈ ਉਸੇ ਤਰ੍ਹਾਂ ਜ਼ੋਰ ਲਾ ਕੇ ਇਨ੍ਹਾਂ ਮੋਰਚਿਆਂ ਵਿੱਚ ਵੀ ਪੁੱਜਣਾ ਚਾਹੀਦਾ ਹੈ, ਜਿਸ ਨਾਲ ਜਿੱਤ ਦੀ ਗਰੰਟੀ ਹੁੰਦੀ ਹੈ।

## ਭਗਵਾਨ ਸ੍ਰੀ ਰਾਮ ਚੰਦਰ ਦਾ ਰਾਜ ਤਿਲਕ ਸਮਾਗਮ ਯਾਦਗਾਰੀ ਹੋ ਨਿੱਬੜਿਆ



**ਜਗਰਾਉਂ, (ਸੰਜੀਵ ਅਰੋੜਾ)**-ਸ੍ਰੀ ਵੈਸ਼ਨੋ ਡਰਾਮਟਿਕ ਕਲੱਬ ਰਜਿ: ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜਗਰਾਉਂ ਵੱਲੋਂ ਰਾਮ ਨਾਟਕ ਦਾ ਆਯੋਜਨ ਚੰਡੀਗੜ੍ਹ ਕਾਲੋਨੀ ਨੇੜੇ ਭੰਗੜ ਗੇਟ ਵਿਖੇ ਕੀਤਾ ਗਿਆ ਤੇ ਭਗਵਾਨ ਸ੍ਰੀ ਰਾਮ ਚੰਦਰ ਜੀ ਮਹਾਰਾਜ ਦੇ ਰਾਜ ਤਿਲਕ ਸਮਾਗਮ ਦੌਰਾਨ ਰਾਮ ਨਾਟਕ ਦੀ ਸਮਾਪਤੀ ਹੋਈ।

ਰਾਜ ਤਿਲਕ ਸਮਾਗਮ ਦੌਰਾਨ ਹਲਕਾ ਜਗਰਾਉਂ ਦੀ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਵੱਲੋਂ ਰਾਜ ਤਿਲਕ ਦੀ ਰਸਮ ਅਦਾ ਕੀਤੀ ਗਈ। ਸਮਾਗਮ ਦੌਰਾਨ ਹਲਕਾ ਵਿਧਾਇਕ ਬੀਬੀ ਮਾਣੂੰਕੇ ਨੇ ਰਾਮ ਨਾਟਕ ਵਿੱਚ ਭਾਗ ਲੈਣ ਵਾਲੇ ਕਲਾਕਾਰਾਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ।

ਇਸ ਮੌਕੇ ਕਲੱਬ ਦੇ ਪ੍ਰਧਾਨ ਰਵਿੰਦਰ ਕੁਮਾਰ ਸੱਭਰਵਾਲ ਨੀਟਾ ਨੇ ਰਾਮ ਨਾਟਕ ਦਾ ਮੰਚਨ ਕਰਨ ਵਿੱਚ ਸ੍ਰੀ ਵੈਸ਼ਨੋ ਡਰਾਮਟਿਕ ਕਲੱਬ ਰਜਿ: ਨੂੰ ਦਿੱਤੇ ਸਹਿਯੋਗ ਲਈ ਸਮੂਹ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਹਲਕਾ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ, ਕੌਂਸਲਰ ਬੌਬੀ ਕਪੂਰ, ਇਕਬਾਲ ਸਿੰਘ ਧਾਲੀਵਾਲ, ਵਿਨੋਦ ਕੁਮਾਰ ਬਾਂਸਲ, ਸੰਦੀਪ ਗੋਇਲ, ਰੋਹਿਤ ਗੋਇਲ, ਕੁਲਵਿੰਦਰ ਸਿੰਘ ਕਾਲਾ, ਸਾਜਨ ਮਲਹੋਤਰਾ, ਗੁਰਪ੍ਰੀਤ ਸਿੰਘ ਨੌਨੀ ਸੈਬੀ, ਸੁਨੀਲ ਪਾਠਕ, ਅਸ਼ਵਨੀ ਕੁਮਾਰ ਬੱਲੂ, ਮੱਖਣ ਲਾਲ ਸੇਨ, ਚੇਤਨ ਅਰੋੜਾ ਤੇ ਰਾਹੁਲ ਰਵੀ ਗੁੰਬਰ ਆਦਿ ਹਾਜ਼ਰ ਸਨ।

## ਜ਼ਿਲ੍ਹਾ ਪ੍ਰਸ਼ਾਸਨ ਨੇ ਮਜ਼ਦੂਰਾਂ ਦੀਆਂ ਮੰਗਾਂ ਮੰਨੀਆਂ, ਝੋਨੇ ਦੀ ਖਰੀਦ ਸ਼ੁਰੂ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਮੰਡੀ ਕਾਲਾਂਵਾਲੀ ਵਿਖੇ ਪਿਛਲੇ 5 ਦਿਨਾਂ ਤੋਂ ਚੱਲ ਰਹੀ ਅਨਾਜ ਮੰਡੀ ਮਜ਼ਦੂਰਾਂ ਦੀ ਹੜਤਾਲ ਕਮਿਸ਼ਨ ਏਜੰਟਾਂ ਤੇ ਸ਼ੈਲਰ ਮਾਲਕਾਂ ਨਾਲ ਸਮਝੌਤੇ ਉਪਰੰਤ ਖ਼ਤਮ ਹੋ ਗਈ।

ਕਾਲਾਂਵਾਲੀ ਦੇ ਐਸਡੀਐਮ ਸੁਰੇਸ਼ ਰਵੀਸ਼ ਨੇ ਕਿਹਾ ਕਿ ਕਮਿਸ਼ਨ ਏਜੰਟਾਂ, ਮਜ਼ਦੂਰਾਂ ਤੇ ਸ਼ੈਲਰ ਮਾਲਕਾਂ ਨਾਲ ਤਿੰਨ ਘੰਟੇ ਗੱਲਬਾਤ ਕੀਤੀ ਗਈ। ਮਜ਼ਦੂਰ ਯੂਨੀਅਨ ਦੇ ਪ੍ਰਧਾਨ ਮੁਕੇਸ਼ ਕੁਮਾਰ, ਸੁਖਦੇਵ ਡਾਬਲਾ, ਰਮੇਸ਼, ਸੂਰਜਭਾਨ, ਚੈਨ ਸਿੰਘ, ਸੰਨੀ, ਸੋਮਨਾਥ, ਚੰਦੀ ਰਾਮ ਦਾ ਕਹਿਣਾ ਸੀ ਕਿ ਝੋਨੇ ਦੇ ਇਸ ਸੀਜ਼ਨ ਵਿੱਚ ਮੰਡੀ ਵਿੱਚ ਮਜ਼ਦੂਰ ਪੂਰੀ ਤਰ੍ਹਾਂ ਬੇਰੋਜ਼ਗਾਰੀ ਭੋਗ ਰਹੇ ਹਨ।ਉਨ੍ਹਾਂ ਕਿਹਾ ਕਿ ਤਿਉਹਾਰਾਂ ਦੇ ਦਿਨਾਂ ਵਿੱਚ ਵੀ ਮਜ਼ਦੂਰਾਂ ਨੂੰ ਦੋ ਵਕਤ ਦੀ ਰੋਟੀ ਵੀ ਨਸੀਬ ਨਹੀ ਹੋ ਰਹੀ ਸੀ।

ਉਨ੍ਹਾਂ ਕਿਹਾ ਕਿ ਸਰਕਾਰੀ ਨਿਯਮਾਂ ਅਨੁਸਾਰ ਸਾਫ ਸਫ਼ਾਈ, ਛਾਂਟੀ, ਤੋਲਣ ਤੇ ਸਿਲਾਈ ਸਮੇਤ ਮਜ਼ਦੂਰਾਂ ਲਈ ਪ੍ਰਤੀ ਥੈਲਾ ਲਗਭਗ 16 ਤੋਂ 17 ਰੁਪਏ ਦਿਹਾੜੀ ਦਾ ਨਿਯਮ ਤੈਅ ਕੀਤਾ ਹੈ, ਪਰ ਮੰਡੀ ਵਿੱਚ ਬਾਹਰਲੇ ਮਜ਼ਦੂਰਾਂ ਤੋਂ 2 ਰੁਪਏ ਪ੍ਰਤੀ ਬੋਰੀ ਦੇ ਹਿਸਾਬ ਨਾਲ ਕੰਮ ਕਰਾਇਆ ਜਾ ਰਿਹਾ ਸੀ, ਜਿਸਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਸੀ।

ਉਨ੍ਹਾਂ ਕਿਹਾ ਕਿ ਐਸਡੀਐਮ ਤੇ ਭਰੋਸੇ ਮਗਰੋਂ ਨਿਯਮਾਂ ਅਨੁਸਾਰ ਕੰਮ ਕੀਤਾ ਜਾਵੇਗਾ। ਮਜ਼ਦੂਰ ਆਗੂਆਂ ਨੇ ਕਿਹਾ ਕਿ ਇਹ ਮਜ਼ਦੂਰਾਂ ਦੇ ਸੰਘਰਸ਼ ਦੀ ਜਿੱਤ ਹੈ। ਉਨ੍ਹਾਂ ਕਿਹਾ ਜਿੱਤ ਤੋਂ ਬਾਅਦ ਅਸੀ ਆਪਣੀ ਹੜਤਾਲ ਮੁਲਤਵੀ ਕਰ ਦਿੱਤੀ ਹੈ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡੀਐਮਈਓ ਅਨਿਲ ਕੁੰਡੂ, ਡੀਐਫਐਸਸੀ ਮੁਕੇਸ਼ ਕੁਮਾਰ, ਮਾਰਕੀਟ ਕਮੇਟੀ ਦੇ ਸਕੱਤਰ ਜੈਵੀਰ ਕਸਾਨੀਆ, ਡੀਐਸਪੀ ਰਾਜੀਵ ਕੁਮਾਰ ਥਾਣਾ ਇੰਚਾਰਜ ਰਾਮਫਲ ਵੱਲੋਂ ਦੋਵਾਂ ਧਿਰਾਂ ਦਾ ਆਪਸੀ ਸਮਝੌਤਾ ਕਰਾ ਕੇ ਝੋਨੇ ਦੀ ਖਰੀਦ ਦਾ ਕੰਮ ਸ਼ੁਰੂ ਕਰਾ ਦਿੱਤਾ ਗਿਆ।

# ਡੀ ਸੀ ਤੇ ਐੱਸ ਐੱਸ ਪੀ ਵੱਲੋਂ ਸ਼ਾਂਤਮਈ ਵੋਟਿੰਗ ਲਈ ਜ਼ਿਲ੍ਹਾ ਵਾਸੀਆਂ ਦਾ ਧੰਨਵਾਦ



**ਮਾਨਸਾ (ਆਤਮਾ ਸਿੰਘ ਪਮਾਰ)**

ਮਾਨਸਾ ਜ਼ਿਲ੍ਹੇ ਵਿੱਚ 15 ਅਕਤੂਬਰ ਨੂੰ ਹੋਈਆਂ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਦੀ ਪੋਲਿੰਗ ਪ੍ਰਕਿਰਿਆ ਸ਼ਾਂਤਮਈ ਢੰਗ ਨਾਲ ਮੁਕੰਮਲ ਹੋ ਚੁੱਕੀ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ ਆਈ.ਏ.ਐੱਸ ਨੇ ਦੱਸਿਆ ਕਿ ਮਾਨਸਾ ਜ਼ਿਲ੍ਹੇ ਦੇ ਸੂਝਵਾਨ ਵੋਟਰਾਂ ਵਿੱਚ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਸੰਬੰਧੀ ਪੂਰਾ ਉਤਸ਼ਾਹ ਵੇਖਣ ਨੂੰ ਮਿਲਿਆ। ਉਨ੍ਹਾਂ ਜ਼ਿਲ੍ਹਾ ਵਾਸੀਆਂ ਦਾ ਸ਼ਾਂਤਮਈ ਢੰਗ ਨਾਲ ਵੋਟਿੰਗ ਕਰਨ ਲਈ ਧੰਨਵਾਦ ਕੀਤਾ।

ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਮਾਨਸਾ ਸ਼੍ਰੀ ਕੁਲਵੰਤ ਸਿੰਘ ਅਤੇ ਐਸ.ਐਸ.ਪੀ. ਸ਼੍ਰੀ ਭਾਗੀਰਥ ਸਿੰਘ ਮੀਨਾ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਚੋਣ ਪ੍ਰਕਿਰਿਆ ਦਾ ਜਾਇਜ਼ਾ ਲਿਆ। ਉਨ੍ਹਾਂ ਤਾਇਨਾਤ ਚੋਣ ਅਮਲੇ ਨੂੰ ਹਦਾਇਤ ਕੀਤੀ ਕਿ ਪੋਲਿੰਗ ਅਤੇ ਗਿਣਤੀ ਦੌਰਾਨ ਪੂਰੀ ਪਾਰਦਰਸ਼ਤਾ ਨਾਲ ਕੰਮ ਕੀਤਾ ਜਾਵੇ। ਸ਼ਾਂਤੀਪੂਰਵਕ ਅਤੇ ਨਿਰਪੱਖਤਾ ਨਾਲ ਚੋਣ ਪ੍ਰਕਿਰਿਆ ਨੇਪਰੇ ਚਾੜ੍ਹੀ ਜਾ ਸਕੇ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਾਂ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ 4 ਹਜ਼ਾਰ ਦੇ ਕਰੀਬ ਚੋਣ ਅਮਲਾ ਤਾਇਨਾਤ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਾਂ ਨੂੰ ਸ਼ਾਂਤੀਪੂਰਵਕ, ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਮਾਨਸਾ ਜ਼ਿਲ੍ਹੇ ਦੇ 05 ਬਲਾਕਾਂ ਵਿਖੇ 547 ਪੋਲਿੰਗ ਬੂਥ ਬਣਾਏ ਗਏ ਹਨ ਅਤੇ ਵੋਟਾਂ ਸਵੇਰੇ 08 ਵਜੇ ਤੋਂ ਸ਼ਾਮ 04 ਵਜੇ ਤੱਕ ਪੋਲ ਕਰਵਾਈਆਂ ਗਈਆਂ।ਐੱਸ ਐੱਸ ਪੀ ਸ਼੍ਰੀ ਭਾਗੀਰਥ ਸਿੰਘ ਮੀਨਾ ਨੇ ਦੱਸਿਆ ਕਿ ਗਰਾਮ ਪੰਚਾਇਤ ਚੋਣਾਂ ਨੂੰ ਅਮਨ-ਸ਼ਾਂਤੀ ਅਤੇ ਨਿਰਪੱਖ ਢੰਗ ਨਾਲ ਕਰਵਾਉਣ ਲਈ ਜ਼ਿਲ੍ਹਾ ਪੁਲਿਸ ਵੱਲੋਂ ਪੁਖ਼ਤਾ ਪ੍ਰਬੰਧ ਸਮਾਂ ਰਹਿੰਦਿਆਂ ਹੀ ਮੁਕੰਮਲ ਕਰ ਲਏ ਗਏ ਸਨ, ਤਾਂ ਜੋ ਕੋਈ ਵੀ ਸ਼ਰਾਰਤੀ ਅਨਸਰ ਚੋਣਾਂ ਦੌਰਾਨ ਮਾਹੌਲ ਖ਼ਰਾਬ ਨਾ ਕਰ ਸਕੇ ਅਤੇ ਵੋਟਰ ਬਿਨ੍ਹਾਂ ਕਿਸੇ ਡਰ ਅਤੇ ਭੈਅ ਤੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਣ।

## ਗ੍ਰਾਮ ਪੰਚਾਇਤ ਮਾਨਸਾ ਖੁਰਦ ਵਿਖੇ ਸਰਪੰਚ ਦੀ ਚੋਣ ਲਈ ਪੋਲਿੰਗ ਅੱਜ

**ਮਾਨਸਾ (ਆਤਮਾ ਸਿੰਘ ਪਮਾਰ)**- ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ਼੍ਰੀ ਆਕਾਸ਼ ਬਾਂਸਲ ਨੇ ਦੱਸਿਆ ਕਿ ਕਿਸੇ ਕਾਰਨਾਂ ਸਦਕਾ ਗ੍ਰਾਮ ਪੰਚਾਇਤ ਮਾਨਸਾ ਖੁਰਦ ਦੇ ਸਰਪੰਚ ਦੀ ਚੋਣ ਅਤੇ ਵਾਰਡ ਨੰਬਰ 1, 2, 5, 6 ਅਤੇ 7 (ਕੁੱਲ 5 ਪੰਚਾਇਤ ਮੈਂਬਰ) ਦੀ ਚੋਣ ਪ੍ਰਕਿਰਿਆ ਲਈ ਫਰੈਸ਼ ਪੋਲ 16 ਅਕਤੂਬਰ 2024 ਨੂੰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਕਰਵਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਰਾਜ ਚੋਣ ਕਮਿਸ਼ਨਰ ਪੰਜਾਬ ਵੱਲੋਂ ਇਹ ਪ੍ਰਵਾਨਗੀ ਪੰਜਾਬ ਪੰਚਾਇਤ ਰੂਲਜ਼, 1994 ਦੇ ਨਿਯਮ 31 (2) ਅਧੀਨ ਦਿੱਤੀ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਅਧਿਕਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਕਿ ਉਹ ਸਮੂਹ ਵੋਟਰਾਂ ਨੂੰ ਯੋਗ ਪ੍ਰਣਾਲੀ ਰਾਹੀਂ ਇਤਲਾਹ ਦੇਣ।ਉਨ੍ਹਾਂ ਕਿਹਾ ਕਿ ਇਸ ਫਰੈਸ਼ ਪੋਲ ਲਈ ਪ੍ਰੀਜ਼ਾਈਡਿੰਗ ਅਤੇ ਪੋਲਿੰਗ ਅਧਿਕਾਰੀਆਂ ਦੀ ਤਾਇਨਾਤੀ ਕਰ ਦਿੱਤੀ ਗਈ ਹੈ।ਉਨ੍ਹਾਂ ਦੱਸਿਆ ਕਿ 16 ਅਕਤੂਬਰ ਨੂੰ ਹੋਣ ਵਾਲੀ ਫਰੈਸ਼ ਪੋਲ ਲਈ ਮਾਨਸਾ ਖੁਰਦ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਛੁੱਟੀ ਰਹੇਗੀ।

# ਰੈੱਡ ਐਂਟਰੀਆਂ ਕਰਨ 'ਤੇ ਜ਼ੋਨ ਕੋਰ ਕਮੇਟੀ ਵੱਲੋਂ ਸਖਤ ਨਿੰਦਾ




**ਝਬਾਲ (ਹਰਜਿੰਦਰ ਸਿੰਘ ਸੋਨੀ)**

ਕਿਸਾਨ ਮਜ਼ਦੂਰ ਸੰਘਰਸ਼ ਪੰਜਾਬ ਅਧੀਨ ਜ਼ਿਲ੍ਹਾ ਤਰਨ ਤਾਰਨ ਜ਼ੋਨ ਬਾਬਾ ਦੀਪ ਸਿੰਘ ਜੀ ਦੀ ਜ਼ੋਨ ਕੋਰ ਕਮੇਟੀ ਦੀ ਮੀਟਿੰਗ ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ ਦੇ ਘਰ ਹੋਈ। ਜਾਣਕਾਰੀ ਸਾਂਝੀ ਕਰਦਿਆਂ ਸੂਬਾ ਆਗੂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ, ਜ਼ਿਲ੍ਹਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ, ਜ਼ੋਨ ਸਕੱਤਰ ਹਰਦੀਪ ਸਿੰਘ ਜੌਹਲ, ਜ਼ੋਨ ਮੀਤ ਪ੍ਰਧਾਨ ਅੰਗਰੇਜ ਸਿੰਘ ਦੋਬੁਰਜੀ, ਪ੍ਰਧਾਨ ਨਵਜੀਤ ਸਿੰਘ ਗੋਹਲਵੜ ਨੇ ਕਿਹਾ ਕਿ ਵੱਡੇ ਪੱਧਰ 'ਤੇ ਪੰਜਾਬ ਸਰਕਾਰ ਦੀਆਂ ਟੀਮਾਂ ਵੱਲੋਂ ਪਰਾਲੀ ਦੇ ਸਾੜਨ ਵਾਲੇ ਕਿਸਾਨਾਂ ਉਪਰ ਧੜਾਧੜ ਪਰਚੇ ਕੀਤੇ ਜਾ ਰਹੇ ਹਨ। ਸਰਕਾਰਾਂ ਦੀਆਂ ਨਲਾਇਕੀਆ ਕਰਕੇ ਸਾਡੀ ਹੋਂਦ ਨੂੰ ਵੱਡਾ ਖਤਰਾ ਹੈ, ਸਰਕਾਰਾਂ ਦੀਆਂ ਨਾਕਾਮੀਆ ਕਰਕੇ ਸਾਡੀਆਂ ਨਸਲਾਂ ਅਤੇ ਫਸਲਾਂ ਤਬਾਹੀ ਦੇ ਕੰਢੇ 'ਤੇ ਪਹੁੰਚ ਰਹੀਆਂ ਹਨ। ਜੇਕਰ ਅਸੀਂ ਸਮਾਂ ਰਹਿੰਦੇ ਇਹਨਾਂ ਦਾ ਵਿਰੋਧ ਨਾ ਕੀਤਾ ਤਾਂ ਪਛਤਾਵੇ ਤੋਂ ਬਿਨਾਂ ਕੁਝ ਨਹੀਂ ਰਹਿਣਾ। ਪਰਾਲੀ ਸਾੜਨ ਦੇ ਮੁੱਦੇ ਤੇ ਪੰਜਾਬ ਸਰਕਾਰ ਅਤੇ ਅਧਿਕਾਰੀਆਂ ਨੂੰ ਵੰਗਾਰਦਿਆਂ ਕਿਹਾ ਕਿ ਕਿਸਾਨਾਂ ਦੀਆਂ ਰੈੱਡ ਐਂਟਰੀਆਂ ਪਾਉਣ ਦਾ ਡਰਾਵਾ ਦੇਣ ਵਾਲੇ ਇਹ ਸੋਚ ਲੈਣ ਕਿ 6? ਪ੍ਰਦੂਸ਼ਣ ਫੈਲਾਉਣ ਵਾਲਿਆਂ ਵਿਰੁੱਧ ਵੱਡੇ ਕਾਨੂੰਨ ਬਣਾਉਣ ਵਾਲੇ 94% ਵਾਲਿਆਂ ਵਿਰੁੱਧ ਕਦੋਂ ਕਾਨੂੰਨ ਲਾਗੂ ਕਰਨਗੇ। ਕਿਸਾਨਾਂ ਉੱਤੇ ਕਿਸੇ ਵੀ ਕਿਸਮ ਦਾ ਪਰਚਾ ਨਹੀਂ ਹੋਣ ਦਿਆਂਗੇ। ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ ਕਿਸਾਨਾਂ ਨੂੰ ਤੰਗ ਕੀਤਾ ਤਾਂ ਇਹਨਾਂ ਦੇ ਮੰਤਰੀਆਂ ਦਾ ਪਿੰਡਾਂ ਵਿੱਚ ਆਉਣਾ ਬੰਦ ਕਰ ਦਿਆਂਗੇ। ਸਰਕਾਰ ਕਿਸਾਨਾਂ ਦੀ ਪਰਾਲੀ ਦਾ ਹੱਲ ਆਪ ਕਰੇ, ਜੇਕਰ ਸਰਕਾਰ ਕੋਈ ਹੱਲ ਨਹੀਂ ਕਰਦੀ ਤਾਂ ਪਰਾਲੀ ਨੂੰ ਅੱਗ ਹਰ ਹਾਲਤ ਵਿੱਚ ਲਗਾਈ ਜਾਵੇਗੀ, ਕਿਉਂਕਿ ਪਰਾਲੀ ਨੂੰ ਅੱਗ ਲਗਾਉਣ ਤੋਂ ਬਿਨਾਂ ਕਿਸਾਨਾਂ ਕੋਲ ਕੋਈ ਹੋਰ ਚਾਰਾ ਨਹੀਂ। ਅਗਲੀ ਫਸਲ ਦੀ ਬਿਜਾਈ ਤੋਂ ਪਹਿਲਾਂ ਪਰਾਲੀ ਦੀ ਸੰਭਾਲ ਕਰਨੀ ਬਹੁਤ ਜ਼ਰੂਰੀ ਹੈ।ਇਸ ਮੌਕੇ ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ ਵੱਲੋਂ ਕਿਹਾ ਗਿਆ ਕਿ 19 ਅਕਤੂਬਰ ਸਵੇਰੇ 11 ਵਜੇ ਨੂੰ ਗੁਰਦੁਆਰਾ ਬਾਬਾ ਅੱਛਰਾ ਸਿੰਘ ਜੀ ਦੇ ਅਸਥਾਨ ਪਿੰਡ ਗੋਹਲਵੜ ਵਿਖੇ ਜ਼ੋਨ ਦੀ ਮੀਟਿੰਗ ਕੀਤੀ ਜਾਵੇਗੀ। ਵੱਡੀ ਗਿਣਤੀ ਵਿੱਚ ਬੀਬੀਆਂ, ਬਜ਼ੁਰਗ, ਨੌਜਵਾਨ, ਕਿਸਾਨਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਅਪੀਲ ਕੀਤੀ ਗਈ।

## ਲੈਕਚਰਾਰ ਰਜਨੀ ਜੱਗਾ ਨੂੰ ਅਧਿਆਪਕ ਦਿਵਸ 'ਤੇ ਮਿਲਿਆ ਇਨੋਵੇਟਿਵ ਟੀਚਰ ਐਵਾਰਡ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**



ਰੇਡੀਓ ਮੇਰੀ ਅਵਾਜ਼ ਤੇ ਲਿਟਿਲ ਹੈਲਪ ਟਰੱਸਟ ਦੇ ਅਧੀਨ ਸਿੱਖਣ ਸੰਸਥਾ ਸ਼ੈਕਸ਼ਿਕ ਆਗਾਜ਼ ਦੁਆਰਾ ਅੰਤਰਰਾਸ਼ਟਰੀ ਟੀਚਰ ਡੇਅ ਦੇ ਮੌਕੇ ਦੇਸ਼ ਭਰ ਤੋਂ ਅਲੱਗ-ਅਲੱਗ ਰਾਜਾਂ ਤੋਂ 22 ਪ੍ਰਤਿਭਾਵਨ ਟੀਚਰਾਂ ਨੂੰ ਇੰਟਰਨੈਸ਼ਨਲ ਇਨੋਵੇਟਿਵ ਟੀਚਰ ਐਵਾਰਡ 2024 ਨਾਲ ਸਨਮਾਨਤ ਕੀਤਾ ਗਿਆ।

ਡਾ. ਹਰੀ ਪਾਲ ਸਿੰਘ ਮੈਂਬਰ ਮੀਨੀਸਟਰ ਆਫ ਕਲਚਰ ਤੇ ਸਮ੍ਰਿਧੀ ਫਾਊਂਡਰ ਲਿਟਿਲ ਹੈਲਪ ਟ੍ਰਸਟ ਨੋਟਿੰਗਮ ਇੰਗਲੈਂਡ, ਡਾ. ਮਾਧੁਰੀ ਭਰਥਵਾਲ ਪਦਮ ਸ਼੍ਰੀ ਐਵਾਰਡ ਉਤਰਾਖੰਡ ਇੰਡੀਆ ਮੁੱਖ ਮਹਿਮਾਨ ਹਨ।ਪ੍ਰੋਗਰਾਮ ਵਿੱਚ ਹਰੇਕ ਰਾਜ ਦੇ ਚੁਨਿੰਦਾ ਅਧਿਆਪਕ ਨੂੰ ਹਰੇਕ ਸਾਲ ਇਹ ਐਵਾਰਡ ਨਾਲ ਸਨਮਾਨਤ ਕੀਤਾ ਜਾਂਦਾ ਹੈ।ਇਸ ਵਾਰ ਬਾਕੀ ਰਾਜਾਂ ਤੋਂ ਇਲਾਵਾ ਪੰਜਾਬ ਤੋਂ ਡਾ. ਰਜਨੀ ਜੱਗਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਰੇ ਕੇ ਫਿਰੋਜ਼ਪੁਰ, ਗਗਨਦੀਪ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਪਨਿਆਰ ਲੜਕੇ ਗੁਰਦਾਸਪੁਰ, ਰੁਪਿੰਦਰਜੀਤ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਬਾਬਾ ਆਲਾ ਸਿੰਘ ਬਰਨਾਲਾ, ਨਵਨੀਤ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਫੇਜ਼-9 ਮੋਹਾਲੀ, ਰਜਨੀ ਸਰਕਾਰੀ ਪ੍ਰਾਇਮਰੀ ਸਕੂਲ ਗੋਹਲਵੜ ਤਰਨਤਾਰਨ, ਸੁਰਿੰਦਰ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਝੀਤਾ ਖੁਰਦ ਅੰਮ੍ਰਿਤਸਰ, ਕੁਲਵੀਰ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਹਨੇਵਾਲ ਲੁਧਿਆਣਾ, ਡਾ. ਰਜਨੀ ਜੱਗਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਰੇ ਕੇ ਫਿਰੋਜ਼ਪੁਰ, ਰਣਜੀਤ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਭੰਗਵਾਂ ਗੁਰਦਾਸਪੁਰ, ਮਨਜੀਤ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਨਾਗਲਾ ਸਿਟੀ ਡੇਰਾਬੱਸੀ, ਡਾ. ਨਿਰਮਲਜੀਤ ਕੌਰ ਨਿਰਮ ਜੋਸਨ ਸਰਕਾਰੀ ਪ੍ਰਾਇਮਰੀ ਸਕੂਲ ਢੋਟਾ ਤਰਨ ਤਾਰਨ, ਅੰਜੂ ਬਾਲਾ ਸਰਕਾਰੀ ਕੰਨਿਆ ਪ੍ਰਾਇਮਰੀ ਸਕੂਲ ਗੋਰਾਇਆ ਜਲੰਧਰ, ਰੁਪਿੰਦਰ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਭੀਮ ਨਗਰ ਮੋਗਾ ਨੂੰ ਸਨਮਾਨਤ ਕੀਤਾ ਗਿਆ।ਸਮ੍ਰਿਤੀ ਚੌਧਰੀ ਨੇ ਸਾਰੇ ਜੇਤੂ ਅਧਿਆਪਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਸਾਲ ਸ਼ੈਕਸ਼ਿਕ ਆਗਾਜ਼ ਨਾਲ 26 ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਜੁੜੇ ਹੋਏ ਹਨ।ਇਸ ਸਾਲ 500 ਅਧਿਆਪਕਾਂ ਨੂੰ ਗਲੋਬਲ ਸ਼ਿਕਸ਼ਾ ਰਤਨ ਅਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਵਾਰ ਇਨ੍ਹਾਂ ਸਾਰੇ ਹੀ ਅਧਿਆਪਕਾਂ ਨੂੰ ਮੁੰਬਈ ਵਲੋਂ ਸ਼੍ਰੀ ਨਾਨਾ ਸ਼ੰਕਰ ਪਾਟਿਲ, ਸਮ੍ਰਿਤੀ ਚੌਧਰੀ ਫਾਊਂਡਰ ਸ਼ੈਕਸ਼ਿਕ ਆਗਾਜ਼ ਪੰਜਾਬ ਤੇ ਸਟੇਟ ਕੋਆਰਡੀਨੇਟਰ ਭੂਸ਼ਣ ਕੁਮਾਰ ਤੇ ਸੁਖਦੇਵ ਸਿੰਘ ਕੈਸ਼ੀਅਰ ਵੱਲੋਂ ਸਨਮਾਨਤ ਕੀਤਾ ਗਿਆ।

# ਸਫ਼ਾਈ ਪਖਵਾੜਾ ਮਨਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਉੱਤਰ ਰੇਲਵੇ ਦੇ ਫਿਰੋਜ਼ਪੁਰ ਮੰਡਲ ਵਿੱਚ 'ਸਵਭਾਵ ਸਵੱਛਤਾ-ਸੰਸਕਾਰ ਸਵੱਛਤਾ' ਦੀ ਥੀਮ ਨਾਲ 17 ਸਤੰਬਰ ਤੋਂ 1 ਅਕਤੂਬਰ ਤੱਕ ਸਵੱਛਤਾ ਹੀ ਸੇਵਾ-ਅਭਿਆਨ ਦਾ ਆਯੋਜਨ ਕੀਤਾ ਗਿਆ, ਇਸਦੇ ਨਾਲ ਹੀ ਰੇਲਵੇ ਬੋਰਡ ਦੇ ਆਦੇਸ਼ ਦੇ ਅਨੁਸਾਰ 'ਸਵੱਛਤਾ ਪਖਵਾੜਾ-2024' ਮੁਹਿੰਮ ਦਾ ਆਯੋਜਨ ਫਿਰੋਜ਼ਪੁਰ ਮੰਡਲ ਦੁਆਰਾ 1 ਤੋਂ 15 ਅਕਤੂਬਰ ਤੱਕ ਕੀਤਾ ਗਿਆ।ਫਿਰੋਜ਼ਪੁਰ ਮੰਡਲ ਵਿੱਚ 17 ਸਤੰਬਰ ਨੂੰ ਸਵੱਛਤਾ ਹੀ ਸੇਵਾ-2024 ਅਭਿਆਨ ਦਾ ਮੰਡਲ ਰੇਲ ਪ੍ਰਬੰਧਕ ਸੰਜੇ ਸਾਹੂ ਨੇ ਮੰਡਲ ਦਫਤਰ ਦੇ ਵਿਹੜੇ ਵਿੱਚ ਮੌਜੂਦ ਅਧਿਕਾਰੀਆਂ, ਕ੍ਰਮਚਾਰੀਆਂ ਤੇ ਸਫਾਈ ਕ੍ਰਮਚਾਰੀਆਂ ਨੂੰ ਸੁਚਿੱਤਾ ਦੀ ਸਹੁੰ ਚੁਕਾਈ ਗਈ।ਸਵੱਛਤਾ ਹੀ ਸੇਵਾ ਅਭਿਆਨ ਦੌਰਾਨ ਫਿਰੋਜ਼ਪੁਰ ਮੰਡਲ ਵਿੱਚ ਕੁੱਲ 35 ਸਟੇਸ਼ਨਾਂ 'ਤੇ ਇਹ ਅਭਿਆਨ ਚਲਾਇਆ ਗਿਆ।ਇਸ ਮੁਹਿੰਮ ਦੌਰਾਨ 11,225 ਕ੍ਰਮਚਾਰੀਆਂ ਤੇ ਯਾਤਰੀਆਂ ਨੂੰ ਸਫਾਈ ਦੀ ਸਹੁੰ ਚਕੁਾਈ ਤੇ 5 ਸਥਾਨਾਂ 'ਤੇ ਨੁੱਕੜ ਨਾਟਕ ਦੇ ਜ਼ਰੀਏ ਕ੍ਰਮਚਾਰੀਆਂ ਤੇ ਯਾਤਰੀਆਂ ਨੂੰ ਜਾਣੂ ਕੀਤਾ ਗਿਆ। ਇਸ ਮੁਹਿੰਮ ਦੌਰਾਨ 'ਇਕ ਪੇੜ ਮਾਂ ਦੇ ਨਾਂਅ' ਮੁਹਿੰਮ ਦੇ ਤਹਿਤ 5500 ਲੋਕਾਂ ਨੇ ਭਾਗ ਲਿਆ ਤੇ 125000 ਬੂਟੇ ਲਾਏ ਗਏ, ਕੁੱਲ 76 ਸੈਨੀਟੇਸ਼ਨ ਟਾਰਗੇਟ ਯੂਨਿਟਾਂ (ਸੀਟੀਯੂ) ਦੀ ਸ਼ਨਾਖਤ ਕੀਤੀ ਗਈ ਤੇ ਇਨ੍ਹਾਂ ਦੀ ਗਹਿਰਾਈ ਨਾਲ ਸਫਾਈ ਕੀਤੀ ਗਈ।

ਇਸ ਮੁਹਿੰਮ ਵਿੱਚ 1340 ਕਰਮਚਾਰੀਆਂ, ਯਾਤਰੀਆਂ ਤੇ ਹੋਰ ਸਮਾਜਿਕ ਸੰਸਥਾਵਾਂ ਨੇ ਭਾਗ ਲਿਆ 9 ਇਸ ਮੁਹਿੰਮ ਵਿੱਚ 26,55,000 ਵਰਗ ਮੀਟਰ ਸਥਾਨ ਦੀ ਸਫਾਈ ਕੀਤੀ ਗਈ ਅਤੇ ਕੁੱਲ 0.7 ਟਨ ਕਚਰਾ ਹਟਾਇਆ ਗਿਆ 9 ਕੁੱਲ 65 ਕਿਲੋਮੀਟਰ ਟਰੈਕ ਤੋਂ ਕੂੜੇ ਉਠਾਇਆ ਗਿਆ ਅਤੇ 7 ਰੇਲਗੱਡੀਆਂ ਤੇ 7 ਰੇਲਵੇ ਕਾਲੋਨੀਆਂ 'ਚ ਇਹ ਸਫਾਈ ਮੁਹਿੰਮ ਚੱਲਾਈ ਗਈ। ਫ਼ਿਰੋਜ਼ਪੁਰ ਡਵੀਜ਼ਨ ਵਿੱਚ 1 ਅਕਤੂਬਰ ਤੋਂ 15 ਅਕਤੂਬਰ ਤੱਕ ਸਵੱਛਤਾ ਪੰਦਰਵਾੜੇ ਦੀ ਸ਼ੁਰੂਆਤ ਡਵੀਜ਼ਨਲ ਰੇਲਵੇ ਮੈਨੇਜਰ ਸੰਜੇ ਸਾਹੂ ਵੱਲੋਂ ਫ਼ਿਰੋਜ਼ਪੁਰ ਡਿਵੀਜ਼ਨ ਦੇ ਮੁੱਖ ਸਟੇਸ਼ਨਾਂ, ਸ਼ੈਡਾਂ ਤੇ ਹੋਰ ਖੇਤਰਾਂ ਵਿੱਚ ਸਫ਼ਾਈ ਦੀ ਸਹੁੰ ਚੁਕਾਈ ਗਈ।

16-Oct-PAGE-9.qxd 10/15/2024 10:39 PM Page 1



# ਵੋਟਰਾਂ ਨੇ ਦਿਖਾਇਆ ਭਾਰੀ ਉਤਸ਼ਾਹ


ਪਿੰਡ ਕਾਕੜਾ ਵਿੱਚ ਵੋਟਰਾਂ ਦੀ ਲੱਗੀ ਲੰਮੀ ਕਤਾਰ, 80 ਤੋਂ 90 ਸਾਲ ਦੀਆਂ ਦੋ ਬਜ਼ੁਰਗ ਔਰਤਾਂ ਨੂੰ ਵੋਟ ਪਾਉਣ ਲਈ ਲੈ ਕੇ ਜਾਂਦੇ ਹੋਏ ਉਨ੍ਹਾਂ ਦੇ ਪਰਵਾਰਕ ਮੈਂਬਰ।

**ਸ਼ਾਹਕੋਟ (ਗਿਆਨ ਸੈਦਪੁਰੀ)**

ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਬਲਾਕ ਸ਼ਾਹਕੋਟ ਵਿੱਚ ਸਵੇਰ ਤੋਂ ਹੀ ਲੰਬੀਆਂ ਕਤਾਰਾਂ ਲੱਗੀਆਂ ਨਜ਼ਰ ਆਈਆਂ।ਵੋਟਾਂ ਬੜੀ ਹੌਲੀ ਗਤੀ ਵਿੱਚ ਭੁਗਤਣ ਦਾ ਰੁਝਾਨ ਨਜ਼ਰ ਆਇਆ।ਇਸ ਦਾ ਕਾਰਨ ਜਾਣਨ ਤੋਂ ਇਹ ਗੱਲ ਸਾਹਮਣੇ ਆਈ ਕਿ ਵੱਖ ਵੱਖ ਵਾਰਡਾਂ ਲਈ ਵੱਖਰਾ ਪ੍ਰਬੰਧ ਨਹੀ ਹੈ।ਪੋਲਿੰਗ ਸਟਾਫ ਨੂੰ ਵੋਟ ਪਰਚੀਆਂ ਤੋਂ ਵਾਰਡ ਦੀ ਸ਼ਨਾਖ਼ਤ ਕਰਨ ਉਪਰੰਤ ਵੋਟਰ ਨੂੰ ਵੋਟ ਪਾਉਣ ਲਈ ਅੱਗੇ ਤੋਰਨਾ ਪੈਂਦਾ ਸੀ। ਪਿੰਡ ਕਾਕੜਾ ਦੇ ਪ੍ਰਜ਼ਾਇਡਿੰਗ ਅਫਸਰ ਨੇ ਦੱਸਿਆ ਕਿ ਆਮ ਤੌਰ 'ਤੇ ਇਸ ਅਧਿਕਾਰੀ ਦਾ ਕੰਮ ਨਿਗਰਾਨੀ ਕਰਨ ਵਗੈਰਾ ਹੀ ਹੁੰਦਾ ਹੈ ਪਰ ਉਕਤ ਸਮੱਸਿਆ ਕਾਰਨ ਉਹ ਪੋਲਿੰਗ ਅਫਸਰ ਦਾ ਕੰਮ ਵੀ ਕਰ ਰਿਹਾ ਹੈ।ਪੱਤਰਕਾਰਾਂ ਦੀ ਟੀਮ ਨੇ ਵੇਖਿਆ ਕਿ ਬਹੁਤ ਪਿੰਡਾਂ ਵਿੱਚ ਕਾਂਗਰਸ ਅਤੇ ਆਪ ਦਾ ਮੁਕਾਬਲਾ ਚੱਲ ਰਿਹਾ ਸੀ। ਕੁਝ ਪਿੰਡਾਂ ਵਿੱਚ 'ਆਪ' ਅਤੇ ਕਾਂਗਰਸ ਦੇ ਕੈਂਪ ਇੱਕਠੇ ਸਨ।ਅਕਾਲੀ ਦਲ ਬਹੁਤੇ ਪਿੰਡਾਂ ਵਿੱਚ ਨਜ਼ਰ ਨਹੀਂ ਆਇਆ। ਪਿੰਡ ਬਾਹਮਣੀਆਂ ਵਿੱਚ ਅਕਾਲੀ ਦਲ ਦਾ ਕੈਂਪ ਵੱਖਰਾ ਲੱਗਾ ਹੋਇਆ ਸੀ ਪਰ ਉੱਥੇ ਵੀ ਰੌਣਕ ਗਾਇਬ ਸੀ।ਇਹ ਜ਼ਿਕਰਯੋਗ ਹੈ ਭਾਵੇਂ ਚੋਣਾਂ ਪਾਰਟੀ ਨਿਸ਼ਾਨ 'ਤੇ ਨਹੀਂ ਲੜੀਆਂ ਗਈਆਂ ਪਰ ਪੋਲਿੰਗ ਕੈਂਪਾਂ 'ਚ ਬੈਠੇ ਬੰਦੇ ਆਪ ਹੀ ਪਾਰਟੀਆਂ ਬਾਰੇ ਦੱਸ ਰਹੇ ਸਨ।ਕਈ ਬੰਦੇ ਕਿਸੇ ਪਾਰਟੀ ਦੀ ਪਛਾਣ ਲੁਕਾਉਣ ਕਰਕੇ ਇਹ ਕਹਿੰਦੇ ਸਨ ਕਿ ਉਨ੍ਹਾਂ ਦਾ ਕੈਂਪ ਕਿਸੇ ਵਿਸ਼ੇਸ਼ ਸਿਆਸੀ ਪਾਰਟੀ ਦਾ ਨਹੀਂ ਸਗੋਂ ਪਿੰਡ ਦਾ ਸਾਂਝਾ ਹੈ।ਵੋਟਰਾਂ ਨੇ ਆਪਣੀ ਵੋਟ ਪਾਉਣ ਲਈ ਪੂਰਾ ਉਤਸ਼ਾਹ ਵਿਖਾਇਆ।ਕਈ ਥਾਈਂ 85-90 ਸਾਲ ਦੇ ਬਜ਼ੁਰਗਾਂ ਨੂੰ ਉਨ੍ਹਾਂ ਦੇ ਪੁੱਤ ਪੋਤਰੇ ਉਨ੍ਹਾਂ ਨੂੰ ਆਸਰਾ ਦੇ ਕੇ ਪੋਲਿੰਗ ਸਟੇਸ਼ਨ ਤੱਕ ਲੈ ਕੇ ਆਏ।

# ਸਿਹਤ ਤੇ ਮੌਸਮੀ ਤਬਦੀਲੀਆਂ ਵਿਸ਼ੇ 'ਤੇ ਸੈਮੀਨਾਰ



**ਜਲੰਧਰ (ਸ਼ੈਲੀ ਐਲਬਰਟ)**

ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਦੁਆਰਾ ਚਲਾਏ ਅਤੇ ਪ੍ਰਬੰਧਿਤ ਇੱਕ ਇਨੀਸ਼ੀਏਟਿਵ ਦੇ ਤਹਿਤ, ਸੰਯੁਕਤ ਰਾਸ਼ਟਰ ਦੇ ਐੱਸਡੀਜੀ 13, ਕਲਾਈਮੇਟ ਐਕਸ਼ਨ ਦੇ ਸਬੰਧ ਵਿੱਚ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਸੈਮੀਨਾਰ ਲੌਰਾਟਾਂ ਕੈਂਪਸ ਸਕੂਲ ਅਤੇ ਕਾਲਜ ਵਿੱਚ ਕਰਵਾਇਆ ਗਿਆ, ਜਿਸ ਦਾ ਵਿਸ਼ਾ ਸੀ ਹਵਾ ਪ੍ਰਦੂਸ਼ਣ ਅਤੇ ਮੌਸਮ ਵਿੱਚ ਤਬਦੀਲੀ ਦੇ ਸਿਹਤ ਉੱਤੇ ਮਾੜੇ ਪ੍ਰਭਾਵ।ਇਸ ਸੈਮੀਨਾਰ ਵਿੱਚ ਲੰਗ ਕੇਅਰ ਫਾਊਂਡੇਸ਼ਨ ਦੇ ਸੰਸਥਾਪਕ ਟਰੱਸਟੀ ਡਾ. ਰਾਜੀਵ ਖੁਰਾਣਾ, ਡੀ ਲਿਟ (ਆਨਰਿਸ ਕਾਸਾ) ਪ੍ਰਮਾਣਿਤ ਪ੍ਰਬੰਧਨ ਸਲਾਹਕਾਰ ਅਤੇ ਭੌਰੁਕਾ ਦੇ ਇੰਸਟੀਚਿਊਟ ਆਫ ਮੈਨੇਜਮੈਂਟ ਕੰਸਲਟੈਂਟਸ ਦੇ ਫੈਲੋ, ਵਿਸ਼ੇਸ਼ ਬੁਲਾਰਿਆਂ ਦੇ ਰੂਪ ਵਿੱਚ ਆਪਣੀ ਟੀਮ ਨਾਲ ਆਏ।ਸੈਮੀਨਾਰ ਦੌਰਾਨ ਡਾ: ਖੁਰਾਣਾ ਨੇ ਹਵਾ ਪ੍ਰਦੂਸ਼ਣ ਅਤੇ ਤੇਜ਼ੀ ਨਾਲ ਬਦਲ ਰਹੇ ਜਲਵਾਯੂ ਕਾਰਨ ਪੈਦਾ ਹੋਈਆਂ ਮਹੱਤਵਪੂਰਨ ਸਿਹਤ ਚੁਣੌਤੀਆਂ ਬਾਰੇ ਚਰਚਾ ਕੀਤੀ। ਉਨ੍ਹਾਂ ਇਸ ਬਾਰੇ ਜਾਣਕਾਰੀ ਦਿੱਤੀ ਕਿ ਇਹ ਕਾਰਕ ਮਨੁੱਖੀ ਸਿਹਤ, ਖਾਸ ਕਰਕੇ ਫੇਫੜਿਆਂ ਨਾਲ ਸਬੰਧਤ ਬਿਮਾਰੀਆਂ ਨੂੰ ਕਿਵੇਂ ਪ੍ਰਭਾਵਤ ਕਰ ਰਹੇ ਹਨ ਅਤੇ ਇਹਨਾਂ ਪ੍ਰਭਾਵਾਂ ਨੂੰ ਘਟਾਉਣ ਲਈ ਟਿਕਾਊ ਅਭਿਆਸਾਂ ਅਤੇ ਨੀਤੀਗਤ ਉਪਾਵਾਂ ਦੀ ਮਹੱਤਤਾ ਨੂੰ ਉਜਾਗਰ ਕੀਤਾ । ਸੈਸ਼ਨ ਦਾ ਉਦੇਸ਼ ਵਿਦਿਆਰਥੀਆਂ, ਫੈਕਲਟੀ ਅਤੇ ਆਮ ਲੋਕਾਂ ਵਿੱਚ ਇਹਨਾਂ ਮੁੱਦਿਆਂ ਦਾ ਮੁਕਾਬਲਾ ਕਰਨ ਦੀ ਫੌਰੀ ਲੋੜ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ।ਇਨੋਸੈਂਟ ਹਾਰਟਸ ਗਰੁੱਪ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਆਪਣੇ ਕੀਮਤੀ ਗਿਆਨ ਨੂੰ ਸਾਂਝਾ ਕਰਨ ਅਤੇ ਵਿਦਿਆਰਥੀਆਂ ਨੂੰ ਗਿਆਨ ਦੇਣ ਲਈ ਡਾ. ਖੁਰਾਣਾ ਦਾ ਧੰਨਵਾਦ ਕੀਤਾ । ਉਨ੍ਹਾਂ ਨੇ ਇਸ ਬਾਰੇ ਗੱਲ ਕੀਤੀ ਕਿ ਕਿਵੇਂ ਸਿਹਤ ਅਤੇ ਵਾਤਾਵਰਣ ਪ੍ਰਤੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਸੰਸਥਾ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ।ਇਸ ਸੈਮੀਨਾਰ ਨੇ ਸੰਸਥਾ ਦੇ ਵੱਖ-ਵੱਖ ਵਿਭਾਗਾਂ ਅਤੇ ਕਮਿਊਨਿਟੀ ਦੇ ਮੈਂਬਰਾਂ ਦੀ ਭਾਗੀਦਾਰੀ ਨੂੰ ਆਕਰਸ਼ਿਤ ਕੀਤਾ, ਜਿਸ ਨਾਲ ਇਹ ਸਿੱਖਣ ਅਤੇ ਵਕਾਲਤ ਲਈ ਇੱਕ ਸਫਲ ਪਲੇਟਫਾਰਮ ਬਣ ਗਿਆ। ਪ੍ਰੋਗਰਾਮ ਵਿੱਚ ਸੰਸਥਾ ਦੇ ਵੱਖ-ਵੱਖ ਵਿਭਾਗਾਂ ਅਤੇ ਕਮਿਊਨਿਟੀ ਦੇ ਮੈਂਬਰਾਂ ਨੇ ਭਾਗ ਲਿਆ।ਇਸ ਮੌਕੇ ਡਾ. ਰਾਜੀਵ ਖੁਰਾਣਾ ਨੇ ਵਿਦਿਆਰਥੀਆਂ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਵੀ ਦਿੱਤੇ।

# ਰੁਜ਼ਗਾਰ ਮੇਲੇ ਅੱਜ ਤੋਂ 29 ਤੱਕ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਹਰਿਆਣਾ ਵਿੱਚ ਨੌਜੁਆਨਾਂ ਨੂੰ ਰੁਜਗਾਰ ਪ੍ਰਦਾਨ ਦੀ ਦਿਸ਼ਾ ਵਿਚ ਪੂਰੇ ਸੂਬੇ ਦੀ ਆਈ ਟੀ ਆਈ ਵੱਲੋਂ ਰੁਜਗਾਰ ਮੇਲੇ ਤੇ ਕੈਂਪਸ ਇੰਟਰਵਿਊ ਪ੍ਰਬੰਧਿਤ ਕੀਤੇ ਜਾਣਗੇ।ਇਹ ਰੁਜਗਾਰ ਮੇਲੇ ਉਨ੍ਹਾਂ ਸਾਰੇ ਨੌਜੁਆਨਾਂ ਦੇ ਲਈ ਇਕ ਸੁਨਹਿਰੀ ਮੌਕਾ ਹੈ ਜੋ ਆਪਣੇ ਮਨਚਾਹੀ ਨੌਕਰੀ ਹਾਸਲ ਕਰਨਾ ਚਾਹੁੰਦੇ ਹਨ।ਇਹ ਰੁਜਗਾਰ ਮੇਲੇ 16 ਅਕਤੂਬਰ ਤੋਂ 29 ਅਕਤੂਬਰ ਤੱਕ ਪ੍ਰਬੰਧਿਤ ਕੀਤੇ ਜਾਣਗੇ, ਜਿਨ੍ਹਾਂ ਵਿਚ ਹਿੱਸਾ ਲੈ ਕੇ ਆਈਟੀਆਈ ਪਾਸ ਆਊਟ ਵਿਦਿਆਰਥੀ ਨੌਕਰੀ ਪ੍ਰਾਪਤ ਕਰ ਸਕਦੇ ਹਨ।ਕੌਸ਼ਲ ਵਿਕਾਸ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਇੰਨ੍ਹਾਂ ਰੁਜਗਾਰ ਮੇਲਿਆਂ ਵਿਚ 10 ਹਜ਼ਾਰ ਨੌਜੁਆਨਾਂ ਨੂੰ ਰੁਜਗਾਰ ਪ੍ਰਦਾਨ ਕਰਨ ਦਾ ਟੀਚਾ ਨਿਰਧਾਰਿਤ ਕੀਤਾ ਗਿਆ ਹੈ। ਇੰਨ੍ਹਾਂ ਮੇਲਿਆਂ ਵਿਚ ਲਗਭਗ 200 ਉਦਯੋਗਿਕ ਇਕਾਈਆਂ ਪਹੁੰਚੇਣਗੀਆਂ ਜੋ ਨੌਜੁਆਨਾਂ ਨੂੰ ਰੁਜਗਾਰ ਮਹੁਇਆ ਕਰਵਾਉਣਗੀਆਂ।ਸਾਰੀ ਸਰਕਾਰੀ ਆਈਟੀਆਈ ਦੇ ਪ੍ਰਿੰਸੀਪਲ/ ਗਰੁੱਪ ਇੰਸਟ੍ਰਕਟਰ ਇੰਚਾਰਜ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਵੱਧ ਤੋਂ ਵੱਧ ਉਦਯੋਗਿਕ ਇਕਾਈਆਂ ਦੇ ਨਾਲ ਤਾਲਮੇਲ ਸਥਾਪਿਤ ਕਰ ਕੇ ਵੱਧ ਤੋਂ ਵੱਧ ਰੁਜਗਾਰ ਮੇਲੇ ਤੇ ਕੈਂਪਸ ਇੰਟਰਵਿਊ ਪ੍ਰਬੰਧਿਤ ਕਰਨ। ਇੰਨ੍ਹਾਂ ਰੁਜਗਾਰ ਮੇਲਿਆਂ ਵਿਚ ਹਰਿਆਣਾ ਦੇ ਨਿਵਾਸੀਆਂ ਨੂੰ ਪ੍ਰਾਥਮਿਕਤਾ ਦਿੱਤੀ ਜਾਵੇਗੀ। ਸਾਰੇ ਆਈਟੀਆਈ ਪਾਸ ਆਊਟ ਜੋ ਇੰਨ੍ਹਾਂ ਰੁਜਗਾਰ ਮੇਲਿਆਂ ਵਿਚ ਚੋਣ ਹੋਵੇਗਾ, ਉਨ੍ਹਾਂ ਦਾ ਰਿਕਾਰਡ ਵੀ ਰੱਖਿਆ ਜਾਵੇਗਾ।ਬੁਲਾਰੇ ਨੇ ਦਸਿਆ ਕਿ ਜਿਲ੍ਹਾ ਭਿਵਾਨੀ, ਹਿਸਾਰ, ਝੱਜਰ, ਕਰਨਾਲ, ਨੂੰਹ, ਮਹੇਂਦਰਗੜ੍ਹ, ਰੋਹਤਕ, ਰਿਵਾੜੀ ਅਤੇ ਸੋਨੀਪਤ ਵਚ 16 ਤੋਂ 29 ਅਕਤੂਬਰ ਤਕ ਰੁਜਗਾਰ ਮੇਲੇ ਤੇ ਕੈਂਪਸ ਇੰਟਰਵਿਊ ਪ੍ਰਬੰਧਿਤ ਹੋਣਗੇ। ਇਸੀ ਤਰ੍ਹਾ, ਜਿਲ੍ਹਾ ਅੰਬਾਲਾ, ਫਰੀਦਾਬਾਦ, ਜੀਂਦ, ਪਾਣੀਪਤ ਅਤੇ ਸਿਰਸਾ ਵਿਚ 16 ਅਕਤੂਬਰ ਤੋਂ 28 ਅਕਤੂਬਰ ਅਤੇ ਜਿਲ੍ਹਾ ਕੈਥਲ ਵਿੱਚ 18 ਅਕਤੂਬਰ ਤੋਂ 29 ਅਕਤੂਬਰ ਤਕ ਰੁਜ਼ਗਾਰ ਮੇਲਿਆਂ ਦਾ ਪ੍ਰਬੰਧ ਕੀਤਾ ਜਾਵੇਗਾ।ਇੰਨ੍ਹਾਂ ਤੋਂ ਇਲਾਵਾ, ਜਿਲ੍ਹਾ ਚਰਖੀ ਦਾਦਰੀ ਵਿਚ 16, 21, 22, 24 ਅਤੇ 29 ਅਕਤੂਬਰ, ਜਿਲ੍ਹਾ ਕੁਰੂਕਸ਼ਸ਼ਤਰ ਵਿਚ 18, 21, 22, 24 ਤੇ 28 ਅਕਤੂਬਰ , ਜਿਲ੍ਹਾ ਪਲਵਲ ਵਿਚ 18,22,24,28 ਤੇ 29 ਅਕਤੂਬਰ , ਜਿਲ੍ਹਾ ਪੰਚਕੂਲਾ ਵਿਚ 18,23, 25 ਤੇ 29 ਅਕਤੂਬਰ, ਜਿਲ੍ਹਾ ਯਮੁਨਾਨਗਰ ਵਿਚ 18,22, 23,25,28 ਤੇ 29 ਅਕਤੂਬਰ, ਜਿਲ੍ਹਾ ਫਤਿਹਾਬਾਦ ਵਿਚ 16, 18, 22, 24, ਤੇ 28 ਅਕਤੂਬਰ, ਜਿਲ੍ਹਾ ਗੁਰੂਗ੍ਰਾਮ ਵਿਚ 18, 21, 23,25 ਅਤੇ 29 ਅਕਤੂਬਰ ਨੂੰ ਰੁਜ਼ਗਾਰ ਮੇਲੇ ਲਗਾਏ ਜਾਣਗੇ।

# ਇਕੋਤਰੀ ਸਮਾਗਮ ਦੌਰਾਨ ਰਾਜਸੀ ਆਗੂ ਹੋਏ ਨਤਮਸਤਕ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਦਿੱਤੇ ਗਏ ਸਰਬ ਸਾਂਝੀਵਾਲਤਾ ਦੇ ਸੰਦੇਸ਼ ਦੇ ਪ੍ਰਤੀਕ ਵਜੋਂ ਜਾਣੇ ਜਾਂਦੇ ਸਾਲਾਨਾ ਇਕੋਤਰੀ ਸਮਾਗਮ ਜਿੱਥੋਂ ਸੇਧ ਲੈ ਕੇ ਪਿਛਲੇ ਚਾਰ ਦਹਾਕਿਆਂ ਤੋਂ ਲੱਖਾਂ ਹੀ ਪ੍ਰਾਣੀ ਗੁਰੂ ਵਾਲੇ ਬਣ ਕੇ ਬਾਣੀ ਤੇ ਬਾਣੇ ਦੇ ਧਾਰਨੀ ਹੋ ਚੁੱਕੇ ਹਨ, ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੰਤ ਬਾਬਾ ਗੁਰਦਿਆਲ ਸਿੰਘ ਨੇ ਮਹਾਨ ਇਕੋਤਰੀ ਸਮਾਗਮ ਦੌਰਾਨ ਸਜਾਏ ਗਏ ਕੀਰਤਨ ਦਰਬਾਰ ਮੌਕੇ ਸੰਗਤਾਂ ਦੇ ਸਨਮੁਖ ਹੁੰਦੇ ਹੋਏ ਕੀਤਾ।ਗੁਰਬਾਣੀ ਕੀਰਤਨ ਕਰਦਿਆਂ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਦੇ ਹੋਏ ਸੰਤ ਬਾਬਾ ਗੁਰਦਿਆਲ ਸਿੰਘ ਨੇ ਕਿਹਾ ਕਿ ਸਿੱਖੀ ਸਿਧਾਂਤ ਦੇ ਸੰਦੇਸ਼ ਨੂੰ ਸਮਰਪਿਤ 23 ਰੋਜ਼ਾ ਇਕੋਤਰੀ ਸਮਾਗਮ ਦੀ ਸੰਪੂਰਨਤਾ 101 ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਨਿਰੰਤਰ ਚੱਲ ਰਹੀ ਲੜੀ ਦੇ ਭੋਗ ਉਪਰੰਤ ਹੋਵੇਗੀ।ਇਸ ਮੌਕੇ ਗੁਰਦੁਆਰਾ ਤਪ ਅਸਥਾਨ ਬਾਬਾ ਬਲਵੰਤ ਸਿੰਘ ਵਿਖੇ ਅੰਮ੍ਰਿਤ ਸੰਚਾਰ ਵੀ ਕਰਵਾਇਆ ਜਾਵੇਗਾ।ਇਨ੍ਹਾਂ ਇਕੋਤਰੀ ਸਮਾਗਮਾਂ ਨੂੰ ਸਮਰਪਿਤ ਕੱਢੇ ਜਾ ਰਹੇ ਨਗਰ ਕੀਰਤਨ ਨੂੰ ਲੈ ਕੇ ਜਿੱਥੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਿੱਚ ਭਾਰੀ ਉਤਸਾਹ ਪਾਇਆ ਜਾ ਰਿਹਾ ਹੈ ਉੱਥੇ ਸਮੁੱਚਾ ਟਾਂਡਾ ਸ਼ਹਿਰ ਨੂੰ ਇਸ ਨਗਰ ਕੀਰਤਨ ਦੀ ਆਮਦ ਨੂੰ ਲੈ ਕੇ ਸੰਗਤਾਂ ਵੱਲੋਂ ਪੂਰੀ ਤਰ੍ਹਾਂ ਤਿਆਰ ਹਨ।ਨਗਰ ਕੀਰਤਨ ਮੌਕੇ ਜਿੱਥੇ ਸੰਗਤਾਂ ਵੱਡੀ ਗਿਣਤੀ ਵਿੱਚ ਪਹੁੰਚ ਰਹੀਆਂ ਹਨ ਉੱਥੇ ਪੰਥਕ ਅਤੇ ਰਾਜਨੀਤਿਕ ਸ਼ਖਸ਼ੀਅਤਾਂ ਵੀ ਇੰਨ੍ਹਾਂ ਇਕੋਤਰੀ ਸਮਾਗਮਾਂ ਵਿੱਚ ਨਤਮਸਤਕ ਹੋ ਰਹੀਆਂ ਹਨ।ਅੱਜ ਦੇ ਸਮਾਗਮ ਦੌਰਾਨ ਪਹੁੰਚੇ ।ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਰੰਧਾਵਾ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ ਲਖਵਿੰਦਰ ਸਿੰਘ ਲੱਖੀ, ਸਰਬਜੀਤ ਸਿੰਘ ਮਾਲਕ ਗਰੇਟ ਪੰਜਾਬ ਸੈਲੀਬਰੇਸ਼ਨ ਟਾਂਡਾ, ਸੁਖਵਿੰਦਰ ਸਿੰਘ ਮੂਨਕ, ਬਿਕਰਮ ਸਿੰਘ ਲਾਲੀ, ਬਲਵਿੰਦਰ ਸਿੰਘ ਦੁਬਈ, ਅਮਰਜੀਤ ਸਿੰਘ ਕਾਹਲੋ ਦੁਬਈ ਤੋਂ ਇਲਾਵਾ ਹੋਰ ਕਈ ਸ਼ਖਸੀਅਤਾਂ ਨਤਮਸਤਕ ਹੋਈਆਂ ਜਿਸ ਉਪਰੰਤ ਸੰਤ ਬਾਬਾ ਗੁਰਦਿਆਲ ਸਿੰਘ ਨੇ ਪਹੁੰਚੀਆਂ ਸ਼ਖਸ਼ੀਅਤਾਂ ਨੂੰ ਸਿਰੋਪਾਓ ਭੇਟ ਕਰਦਿਆਂ ਸਨਮਾਨਿਤ ਕੀਤਾ।ਇਸ ਮੌਕੇ ਗੁਰਦੀਪ ਸਿੰਘ ਮੂੰਮ, ਜਥੇਦਾਰ ਹਰਮੇਲ ਪ੍ਰਕਾਸ਼ ਸਿੰਘ, ਜੋਰਾਵਰ ਸਿੰਘ, ਅਰਜਨ ਸਿੰਘ ਆਦੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।



# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਬੱਚਿਆਂ ਧਾਰਮਿਕ ਸਮਾਗਮ 'ਚ ਲਿਆ ਹਿੱਸਾ

**ਸੁਲਤਾਨਪੁਰ ਲੋਧੀ, (ਹਨੀ)**

ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਦੇ ਵਿਦਿਆਰਥੀਆਂ ਦੁਆਰਾ ਸ੍ਰੀ ਸਹਿਜ ਪਾਠ ਸੇਵਾ ਸੁਸਾਇਟੀ ਅੰਮ੍ਰਿਤਸਰ ਵੱਲੋਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਕਰਵਾਏ ਗਏ ਸ੍ਰੀ ਸਹਿਜ ਪਾਠ ਉਚਾਰਨ ਮੁਕਾਬਲੇ ਵਿੱਚ ਭਾਗ ਲਿਆ ਗਿਆ।ਇਹਨਾਂ ਮੁਕਾਬਲਿਆਂ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਗੁਰਬਾਣੀ ਦੇ ਨਾਲ ਜੋੜਨਾ ਅਤੇ ਉਨ੍ਹਾਂ ਦੇ ਜੀਵਨ ਵਿੱਚ ਸਕਾਰਾਤਮਕ ਬਦਲਾਵ ਤੇ ਠਹਿਰਾਵ ਲਿਆਉਣਾ ਸੀ।ਵਿਦਿਆਰਥੀਆਂ ਦੁਆਰਾ ਇਸ ਮੁਕਾਬਲੇ ਵਿੱਚ ਸਹਿਜ ਪਾਠ ਕਰਨ ਦੌਰਾਨ ਉਹਨਾਂ ਦੇ ਜੀਵਨ ਵਿੱਚ ਆਏ ਬਦਲਾਵ ਨੂੰ ਵੀ ਸਭ ਨਾਲ ਸਾਂਝਾ ਕੀਤਾ ਗਿਆ। ਇਸ ਮੁਕਾਬਲੇ ਵਿੱਚ ਸ੍ਰੀ ਸਹਿਜ ਪਾਠ ਸੰਪੂਰਨ ਕਰਨ ਵਾਲੇ ਬੱਚਿਆਂ ਅਤੇ ਉਨਾਂ ਦੇ ਇੰਚਾਰਜ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ।ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਸਕੂਲ ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਵੱਲੋਂ ਵੀ ਵਿਦਿਆਰਥੀਆਂ ਦੀ ਪੜ੍ਹਾਈ ਦੇ ਨਾਲ- ਨਾਲ ਉਨ੍ਹਾਂ ਦਾ ਅਧਿਆਤਮਿਕ ਪੱਖੋਂ ਵੀ ਵਿਕਾਸ ਕਰਨ ਲਈ ਕਰਵਾਏ ਜਾਂਦੇ ਅਜਿਹੇ ਮੁਕਾਬਲਿਆਂ ਦੀ ਸ਼ਲਾਘਾ ਕੀਤੀ ਗਈ ਅਤੇ ਇਸ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।



# ਭਰਤ ਮਿਲਾਪ ਤੇ ਭਗਵਾਨ ਰਾਮ ਦੇ ਰਾਜ ਤਿਲਕ ਨਾਲ ਸਮਾਪਤ ਹੋਇਆ ਉੱਤਰੀ ਭਾਰਤ ਦਾ ਦੁਸਹਿਰਾ ਤਿਉਹਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸ਼੍ਰੀ ਰਾਮਲੀਲ੍ਹਾ ਕਮੇਟੀ ਵੱਲੋਂ ਕਰਵਾਏ ਜਾ ਰਹੇ ਉੱਤਰੀ ਭਾਰਤ ਦੇ ਪ੍ਰਸਿੱਧ ਦੁਸ਼ਹਿਰਾ ਮੇਲੇ ਦੌਰਾਨ ਸ਼੍ਰੀ ਰਾਮਲੀਲ੍ਹਾ ਵਿੱਚ ਭਰਤ ਮਿਲਾਪ ਅਤੇ ਸ਼੍ਰੀ ਰਾਮ ਜੀ ਦੇ ਰਾਜਤਿਲਕ ਨਾਲ ਮੇਲੇ ਦੀ ਸਮਾਪਤੀ ਹੋਈ।ਇਸ ਮੌਕੇ ਭਰਤ ਮਿਲਾਪ ਦਾ ਦਿਲ ਖਿੱਚਵਾਂ ਨਜ਼ਾਰਾ ਦੇਖ ਕੇ ਸਾਰਿਆਂ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ ਅਤੇ ਸ੍ਰੀ ਰਾਮ ਦੇ ਭਾਰਤ ਪ੍ਰਤੀ ਪਿਆਰ ਨੇ ਸਾਰਿਆਂ ਨੂੰ ਭਾਵੁਕ ਕਰ ਦਿੱਤਾ।ਇਸ ਤੋਂ ਬਾਅਦ ਅਯੁੱਧਿਆ ਰਾਜ ਵਿੱਚ ਜਸ਼ਨ ਮਨਾਏ ਗਏ ਅਤੇ ਸ਼੍ਰੀ ਰਾਮ ਲੀਲਾ ਮੈਦਾਨ ਵਿੱਚ ਆਤਿਸ਼ਬਾਜ਼ੀ ਦਾ ਸੁੰਦਰ ਪ੍ਰੋਗਰਾਮ ਪੇਸ਼ ਕੀਤਾ ਗਿਆ। ਅਸਮਾਨ 'ਚ ਚੱਲ ਰਹੇ ਪਟਾਕਿਆਂ ਕਾਰਨ ਮਾਹੌਲ ਰੌਣਕ ਨਾਲ ਭਰ ਗਿਆ ਅਤੇ ਇਸ ਦੌਰਾਨ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਨੇ ਭਰਤ ਮਿਲਾਪ ਦੇ ਦਰਸ਼ਨ ਕੀਤੇ ਅਤੇ ਇਸ ਤੋਂ ਬਾਅਦ ਪ੍ਰਭੂ ਦੇ ਦਰਸ਼ਨ ਕੀਤੇ ਅਤੇ ਅਸ਼ੀਰਵਾਦ ਲਿਆ। ਭਰਤ ਮਿਲਾਪ ਤੋਂ ਬਾਅਦ ਉਹ ਸਮਾਂ ਆਉਂਦਾ ਹੈ ਜਦੋਂ ਪ੍ਰਭੂ ਨੂੰ ਸਿੰਘਾਸਣ 'ਤੇ ਬਿਠਾਉਣਾ ਹੁੰਦਾ ਹੈ।ਸ਼੍ਰੀ ਰਾਮਲੀਲ੍ਹਾ ਵਿੱਚ ਦਿਖਾਇਆ ਗਿਆ ਹੈ ਕਿ ਜਿਵੇਂ ਹੀ ਪ੍ਰਭੂ ਦੇ ਰਾਜਤਿਲਕ ਦੀ ਖਬਰ ਮਿਲਦੀ ਹੈ, ਸਾਰੇ ਨਗਰ ਨਿਵਾਸੀ ਖੁਸ਼ ਹੋ ਜਾਂਦੇ ਹਨ ਅਤੇ ਪ੍ਰਭੂ ਦੇ ਦਰਸ਼ਨਾਂ ਲਈ ਉਤਾਵਲੇ ਹੋ ਜਾਂਦੇ ਹਨ।ਹਾਜ਼ਰ-ਹਜ਼ਾਰਾਂ ਸ਼ਰਧਾਲੂਆਂ ਨੇ ਭਗਵਾਨ ਰਾਮ ਦੀ ਤਾਜਪੋਸ਼ੀ ਦੇ ਦਰਸ਼ਨ ਕੀਤੇ ਅਤੇ ਪੂਰਾ ਪੰਡਾਲ ਭਗਵਾਨ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।ਇਸ ਦੌਰਾਨ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਸਭ ਤੋਂ ਪਹਿਲਾਂ ਪ੍ਰਭੂ ਦੀ ਪੂਜਾ ਅਰਚਨਾ ਕੀਤੀ ਅਤੇ ਇਸ ਤੋਂ ਬਾਅਦ ਮੰਤਰਾਂ ਦੀ ਧੁਨ ਨਾਲ ਰਾਜਤਿਲਕ ਕੀਤਾ ਗਿਆ।ਇਸ ਮੌਕੇ ਪ੍ਰਸਿੱਧ ਗਾਇਕ ਸੰਦੀਪ ਸੂਦ ਨੇ ਭਗਵਾਨ ਦੀ ਮਹਿਮਾ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਾਰਿਆਂ ਨੇ ਨੱਚ ਕੇ ਪ੍ਰਭੂ ਦੇ ਦਰਬਾਰ ਵਿੱਚ ਆਪਣੀ ਹਾਜ਼ਰੀ ਦਾ ਲਗਵਾਈ। ਇਸ ਦੌਰਾਨ ਕਮੇਟੀ ਪ੍ਰਧਾਨ ਗੋਪੀ ਚੰਦ ਕਪੂਰ ਨੇ ਸਮੂਹ ਸਾਥੀਆਂ ਅਤੇ ਸੰਗਤਾਂ ਦਾ ਦੁਸ਼ਹਿਰੇ ਦੇ ਤਿਉਹਾਰ ਵਿੱਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਅਤੇ ਪਤਵੰਤਿਆਂ ਤੋਂ ਇਲਾਵਾ ਸਹਿਯੋਗੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਪ੍ਰਧਾਨ ਗੋਪੀ ਚੰਦ ਕਪੂਰ, ਚੇਅਰਮੈਨ ਸ਼ਿਵ ਸੂਦ, ਪ੍ਰਦੀਪ ਹਾਂਡਾ, ਡਾ: ਬਿੰਦੂਸਾਰ ਸ਼ੁਕਲਾ, ਸੰਜੀਵ ਐਰੀ, ਹਰੀਸ਼ ਆਨੰਦ, ਰਾਕੇਸ਼ ਸੂਰੀ, ਕਮਲ ਵਰਮਾ, ਅਸ਼ਵਨੀ ਸ਼ਰਮਾ, ਰਾਕੇਸ਼ ਡੋਗਰਾ, ਤਰਸੇਮ ਮੌਦਗਿਲ, ਨਰੋਤਮ ਸ਼ਰਮਾ, ਦੀਪਕ ਸ਼ਾਰਦਾ, ਰਘੁਵੀਰ ਬੰਟੀ, ਕੁਨਾਲ ਚਤਰਥ, ਵਰੁਣ ਕੈਂਠ, ਕਪਿਲ ਹਾਂਡਾ, ਰਜਿੰਦਰ ਮੌਦਗਿਲ, ਸੁਸ਼ੀਲ ਪਡਿਆਲ, ਕ੍ਰਿਸ਼ਨ ਗੋਪਾਲ ਮੌਦਗਿਲ, ਮਨੋਜ ਦੱਤਾ, ਕ੍ਰਿਸ਼ਨ ਗੋਪਾਲ ਆਨੰਦ, ਪੁਨੀਤ ਸ਼ਰਮਾ, ਚੇਤਨ ਸੂਦ, ਰਾਮ ਦੇਵ ਯਾਦਵ, ਪ੍ਰਮੋਦ ਸ਼ਰਮਾ, ਆਯੂਸ਼ ਸ਼ਰਮਾ, ਅਜੈ ਜੈਨ, ਸ਼ਿਵ ਜੈਨ, ਸ਼ੁਭੰਕਰ ਸ਼ਰਮਾ, ਸੁਭਾਸ਼ ਗੁਪਤਾ, ਛੋਟਾ ਅਸ਼ਵਨੀ, ਵਿਕਾਸ ਕੌਸ਼ਲ, ਸੌਰਵ ਸ਼ਰਮਾ, ਅਨੁਰਾਗ ਕਾਲੀਆ, ਅਮਿਤ ਸ਼ਰਮਾ, ਮਨੀ ਗੋਗੀਆ, ਮੁਕੇਸ਼ ਸ਼ਰਮਾ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



# ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਿੰਘਪੁਰ ਦੀ ਕਾਰ ਸੇਵਾ ਆਰੰਭ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਿੰਘਪੁਰ ਬਰਨਾਲਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਮੈਮੋਰੀਅਲ ਐਜੂਕੇਸ਼ਨਲ ਕਮੇਟੀ ਰਜਿ. ਦੀ ਅਹਿਮ ਮੀਟਿੰਗ ਪ੍ਰਧਾਨ ਹਰਬੰਸ ਸਿੰਘ ਟਾਂਡਾ ਦੀ ਅਗਵਾਈ ਵਿੱਚ ਹੋਈ ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਪ੍ਰਧਾਨ ਅਤੇ ਚੇਅਰਮੈਨ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਿੰਘਪੁਰ ਬਰਨਾਲਾ ਟਰੱਸਟ ਹਰਦੇਵ ਸਿੰਘ ਕੌਂਸਲ ਅਤੇ ਪ੍ਰਦੀਪ ਪਲਾਹਾ ਵਾਈਸ ਚੇਅਰਮੈਨ ਨੇ ਸ਼ਿਰਕਤ ਕੀਤੀ। ਇਸ ਮੌਕੇ ਆਪਣੇ ਸੰਬੋਧਨ ਕਰਦਿਆਂ ਪ੍ਰਧਾਨ ਹਰਬੰਸ ਸਿੰਘ ਟਾਂਡਾ ਨੇ ਕਿਹਾ ਕਿ ਸਿੰਗਪੁਰ ਬਰਨਾਲੇ ਦਾ ਇਹ ਕਿਲਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਵੱਲੋਂ ਆਪਣੇ ਰਾਜ ਦੌਰਾਨ ਸਥਾਪਿਤ ਕੀਤੇ ਗਏ 360 ਕਿਲਿਆਂ ਵਿੱਚੋਂ ਇੱਕ ਪ੍ਰਮੁੱਖ ਕਿਲਾ ਹੈ।ਜਿਸ ਨੂੰ ਇਤਿਹਾਸਿਕ ਤੇ ਵਿਰਾਸਤੀ ਦਿੱਖ ਦੇਣ ਲਈ ਇਸ ਕਿਲੇ ਦੇ ਨਵ ਨਿਰਮਾਣ ਲਈ ਚੇਅਰਮੈਨ ਹਰਦੇਵ ਸਿੰਘ ਕੌਂਸਲ ਦੀ ਅਗਵਾਈ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਕਾਰ ਸੇਵਾ ਆਰੰਭ ਕੀਤੀ ਜਾ ਰਹੀ ਹੈ। ਇਸ ਮੌਕੇ ਆਪਣੇ ਸੰਬੋਧਨ ਵਿੱਚ ਚੇਅਰਮੈਨ ਸਰਦਾਰ ਹਰਦੇਵ ਸਿੰਘ ਕੌਂਸਲ ਨੇ ਕਿਹਾ ਕਿ ਸੰਗਤ ਵੱਲੋਂ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਚੇਅਰਮੈਨ ਵਜੋਂ ਉਹ ਸਾਰੇ ਕਮੇਟੀ ਮੈਂਬਰਾਂ, ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਸਮੇਤ ਸਮੁੱਚੇ ਵਿਸ਼ਵ ਦੇ ਰਾਮਗੜ੍ਹੀਆ ਭਾਈਚਾਰੇ ਦੇ ਪੂਰਨ ਸਹਿਯੋਗ ਨਾਲ ਇਸ ਅਸਥਾਨ ਦੀ ਦਿੱਖ ਵਿਰਾਸਤੀ ਅਤੇ ਆਲੀਸ਼ਾਨ ਬਣਾਉਣ ਦਾ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ ਅਤੇ ਇਸ ਦੀ ਆਰੰਭਤਾ ਅਕਾਲ ਪੁਰਖ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਕੀਤੀ ਜਾ ਰਹੀ ਹੈ। ਇਸ ਮੌਕੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਇਤਿਹਾਸਿਕ ਅਸਥਾਨ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਕਾਰ ਸੇਵਾ ਦੀ ਆਰੰਭਤਾ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਕੀਤੀਆਂ ਨਵੀਆਂ ਨਿਯੁਕਤੀਆਂ ਵਿੱਚ ਜਗਸੀਰ ਸਿੰਘ ਧੀਮਾਨ ਬਰਨਾਲਾ ਨੂੰ ਟਰੱਸਟ ਦੇ ਜਨਰਲ ਸਕੱਤਰ, ਇੰਜ. ਗੁਰਦੇਵ ਸਿੰਘ ਐਕਸੀਅਨ ਰਿਟਾ. ਨੂੰ ਟਰੱਸਟ ਦੇ ਸਹਾਇਕ ਮੈਨੇਜਰ ਨਿਯੁਕਤ ਕੀਤਾ। ਇਸ ਮੌਕੇ ਅਰਕੀਟੈਕਟ ਹੀਰਾ ਸਿੰਘ ਹੰਡਿਆਇਆ ਨੂੰ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਮੀਲ ਪੱਥਰ ਅਤੇ ਮੁੱਖ ਗੇਟ ਡਿਜ਼ਾਈਨ ਕਰਨ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਬਲ ਸਿੰਘ ਦਸੂਹਾ ਜਨਰਲ ਮੈਨਜਰ, ਧਰਮਪਾਲ ਸਲਗੋਤਰਾ ਸਰਪ੍ਰਸਤ, ਲਖਵੀਰ ਸਿੰਘ ਸਿੰਘਪੁਰ ਖਜ਼ਾਨਚੀ, ਬਲਵੀਰ ਸਿੰਘ, ਡਾ. ਚੈਨ ਸਿੰਘ ਦਸੂਹਾ, ਅਮਰਜੀਤ ਸਿੰਘ ਆਸੀ ਜਨਰਲ ਸਕੱਤਰ, ਦਵਿੰਦਰ ਸਿੰਘ ਘੋਗਰਾ ਸੀਨੀਅਰ ਮੀਤ ਪ੍ਰਧਾਨ, ਮਨਜੀਤ ਸਿੰਘ,ਰਵਿੰਦਰ ਸਿੰਘ ਆਸੀ ਮੁਕੇਰੀਆਂ, ਪਰਮਜੀਤ ਸਿੰਘ ਸੱਗਰਾਂ, ਕਰਨੈਲ ਸਿੰਘ ਮਾਲਵਾ, ਪਰਮਜੀਤ ਕੌਰ, ਸੁਖਵਿੰਦਰ ਕੌਰ, ਰਾਜਵੰਤ ਕੌਰ, ਜਸਵਿੰਦਰ ਕੌਰ, ਸੰਤੋਸ਼ ਕੌਰ, ਰਜਿੰਦਰ ਕੌਰ, ਸ਼ਾਮ ਕੌਰ, ਮਹਿੰਦਰ ਸਿੰਘ, ਪਰਵਿੰਦਰ ਸਿੰਘ, ਸਰੂਪ ਸਿੰਘ ਭੱਟੀ, ਗੁਰਦੀਪ ਸਿੰਘ, ਤੀਰਥ ਸਿੰਘ, ਗੁਰਮੁਖ ਸਿੰਘ ਆਦਿ ਹਾਜ਼ਰ ਸਨ।



# ਸੰਤੋਸ਼ ਕਟਾਰੀਆ ਨੇ ਪਰਵਾਰ ਸਮੇਤ ਪੋਜੇਵਾਲ ਵਿਖੇ ਕੀਤੀ ਵੋਟ ਦੇ ਅਧਿਕਾਰ ਦੀ ਵਰਤੋਂ



**ਬਲਾਚੌਰ, (ਜਸਵਿੰਦਰ ਬੈਂਸ)**

ਲੋਕਤੰਤਰ ਵਿੱਚ ਲੋਕ ਵੱਡੇ ਹੁੰਦੇ ਹਨ ਨੇਤਾ ਨਹੀਂ।ਅੱਜ ਪੋਜੇਵਾਲ ਵਿਖੇ ਪੰਚਾਇਤ ਦੇ ਚੋਣ ਵਿੱਚ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਨੇ ਅਪਣੇ ਪਤੀ ਅਸ਼ੋਕ ਕਟਾਰੀਆ ਸੀਨੀਅਰ ਆਗੂ ਆਮ ਆਦਮੀ ਪਾਰਟੀ ਤੇ ਕਰਨਵੀਰ ਕਟਾਰੀਆ ਯੂਥ ਆਗੂ ਆਪ ਦੇ ਨਾਲ ਅਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਕਿਹਾ। ਸੰਤੋਸ਼ ਕਟਾਰੀਆ ਨੇ ਹਲਕਾ ਬਲਾਚੌਰ ਦੇ ਸਮੂਹ ਵੋਟਰਾਂ ਨੂੰ ਅਪੀਲ ਕਰਦਿਆਂ ਹੋਇਆਂ ਕਿਹਾ ਕਿ ਸਾਰੇ ਵੋਟਰ ਇਸ ਲੋਕਤੰਤਰ ਦੇ ਤਿਉਹਾਰ ਵਿੱਚ ਵੱਧ ਚੜ੍ਹ ਕੇ ਹਿੱਸਾ ਲਵੋ ਤਾਂ ਜੋ ਸਹੀ ਉਮੀਦਵਾਰ ਦੀ ਚੋਣ ਹੋ ਸਕੇ।ਇਸ ਮੌਕੇ ਅਸ਼ੋਕ ਕਟਾਰੀਆ ਨੇ ਕਿਹਾ ਕਿ ਹਲਕਾ ਬਲਾਚੌਰ ਵਿਖੇ ਚੁਣਾਵ ਪ੍ਰਕਿਰਿਆ ਬਹੁਤ ਹੀ ਸ਼ਾਂਤਮਈ ਤਰੀਕੇ ਨਾਲ ਹੋ ਰਹੀ ਹੈ।ਇਸ ਮੌਕੇ ਕਰਨਵੀਰ ਕਟਾਰੀਆ ਨੇ ਕਿਹਾ ਕਿ ਸਾਰੇ ਵੋਟਰ ਬਹੁਤ ਹੀ ਉਤਸ਼ਾਹ ਨਾਲ ਵੋਟਾਂ ਪਾ ਰਹੇ ਹਨ।ਇਸ ਦੀ ਜਾਣਕਾਰੀ ਮੀਡੀਆ ਨੂੰ ਦਿੰਦੇ ਹੋਏ ਚੰਦਰ ਮੋਹਨ ਜੇਡੀ ਮੀਡੀਆ ਇੰਚਾਰਜ ਨੇ ਕਿਹਾ ਕਿ ਸਾਰੇ ਉਮੀਦਵਾਰ ਆਪਸ ਵਿੱਚ ਬਹੁਤ ਹੀ ਸ਼ਾਂਤਮਈ ਤਰੀਕੇ ਨਾਲ ਵੋਟਰਾਂ ਦਾ ਸਾਥ ਦੇ ਰਹੇ ਹਨ।ਇਸ ਮੌਕੇ ਉਨ੍ਹਾਂ ਨਾਲ ਸਮੂਹ ਪਰਿਵਾਰ ਨੇ ਵੀ ਵੋਟਾਂ ਪਾਈਆਂ।

# ਅਧਿਆਤਮਿਕਤਾ ਦੇ ਰੰਗ 'ਚ ਰੰਗਿਆਂ ਅੱਸੂ ਦਾ ਮੇਲਾ ਸੰਪੰਨ

**ਜਲੰਧਰ (ਸੁਰਿੰਦਰ ਕੁਮਾਰ)**

ਨਾਮਧਾਰੀ ਮੁੱਖੀ ਸਤਿਗੁਰੂ ਦਲੀਪ ਸਿੰਘ ਦੀ ਰਹਿਨੁਮਾਈ ਵਿਚ ਨਾਮਧਾਰੀਆਂ ਦੇ ਪਵਿੱਤਰ ਇਤਿਹਾਸਿਕ ਸਥਾਨ ਸ੍ਰੀ ਜੀਵਨ ਨਗਰ ਵਿਖੇ ਨਾਮਧਾਰੀ ਸੰਗਤ ਵੱਲੋਂ 40 ਦਿਨਾਂ ਦੇ ਜੱਪ-ਪ੍ਰਯੋਗ 'ਚ ਨਾਮਧਾਰੀ ਅੰਮ੍ਰਿਤਧਾਰੀ ਲੜਕੀਆਂ ਨੇ ਸਾਧਾਰਨ ਪਾਠਾਂ ਅਤੇ ਦਸਮ ਬਾਣੀ ਦੇ ਭੋਗ ਦੇ ਸਲੋਕ ਪੜ੍ਹੇ । ਸਵੇਰੇ ਆਸਾ ਦੀ ਵਾਰ ਤੋਂ ਸ਼ੁਰੂ ਹੋ ਕੇ ਸਾਰਾ ਦਿਨ ਕਥਾ-ਕੀਰਤਨ, ਕਵੀ ਦਰਬਾਰ ਅਤੇ ਗੁਰਬਾਣੀ ਦੇ ਪਾਠਾਂ ਦਾ ਪ੍ਰਵਾਹ ਚੱਲਿਆ । ਅਧਿਆਤਮਿਕਤਾ ਦੇ ਰੰਗਾਂ ਨਾਲ ਰੰਗੇ ਅੱਸੂ ਦਾ ਮੇਲਾ ਵਿਲੱਖਣ ਛਾਪ ਛੱਡਦਾ ਸੰਪੰਨ ਹੋਇਆ । ਨਾਮਧਾਰੀ ਮੁਖੀ ਦਲੀਪ ਸਿੰਘ ਨੇ ਕਿਹਾ ਕਿ ਨਾਮਧਾਰੀ ਪੰਥ ਦੇ ਮੋਢੀ ਰਾਮ ਸਿੰਘ ਨੇ ਸੰਗਤ ਨੂੰ ਨਾਮ-ਬਾਣੀ ਨਾਲ ਜੋੜ ਕੇ ਸਿੱਖਾਂ ਨੂੰ ਗੁਰਬਾਣੀ ਪੜ੍ਹਨ, ਸੁਣਨ ਅਤੇ ਮੰਨਣ ਲਈ ਪ੍ਰੇਰਿਤ ਕੀਤਾ।ਗੁਰਬਾਣੀ ਅਨੁਸਾਰ ਨਾਮ ਜਪਣ, ਗੁਰੂ ਦੇ ਚਰਨੀ ਲੱਗ ਕੇ ਉਹਨਾਂ ਦੇ ਉਪਦੇਸ਼ ਆਪਣੇ ਜੀਵਨ ਵਿਚ ਵਸਾ ਕੇ ਆਪਣੇ ਅੰਦਰੋਂ ਮਾੜੀਆਂ ਆਦਤਾਂ ਦਾ ਤਿਆਗ ਕਰਕੇ ਸੁਖੀ ਜੀਵਨ ਬਤੀਤ ਕਰਨ ਦੀ ਸਿੱਖਿਆ ਦਿੱਤੀ । ਉਨ੍ਹਾਂ ਨਿਮਰਤਾ, ਮਿੱਠਾ ਬੋਲਣ, ਖਿਮਾ ਕਰਨ, ਇਸਤਰੀ ਜਾਤੀ ਦਾ ਸਤਿਕਾਰ ਕਰਨ, ਦੂਜਿਆਂ ਦੀ ਬੁਰਾਈ ਕਰਨੀ ਛੱਡਣ ਲਈ ਵੀ ਪ੍ਰੇਰਿਤ ਕੀਤਾ । ਉਨ੍ਹਾਂ ਕਿਹਾ ਕਿ ਅਜੋਕੇ ਸਮੇਂ 'ਚ ਸਾਡਾ ਮਨ ਅਤੇ ਤੰਨ ਰੋਗੀ ਹੋ ਗਏ ਹਨ।ਅਸੀਂ ਗੁਰੂ ਜੀ ਦੇ ਚਰਨੀ ਲਗ ਕੇ ਉਹਨਾਂ ਦੇ ਉਪਦੇਸ਼ਾਂ ਨੂੰ ਜੀਵਨ ਵਿਚ ਵਸਾ ਕੇ ਡਿਪਰੈਸ਼ਨ ਜਿਹੇ ਰੋਗਾਂ ਤੋਂ ਵੀ ਛੁਟਕਾਰਾ ਮਿਲ ਸਕਦੇ ਹਾਂ।ਉਨ੍ਹਾਂ ਨੇ ਸਿਹਤ ਨੂੰ ਤੰਦਰੁਸਤ ਰੱਖਣ ਦੇ ਨੁਕਤੇ ਦੱਸਦੇ ਹੋਏ ਪੰਥ ਅਤੇ ਸਮਾਜ ਦੀ ਸੇਵਾ ਕਰਨ ਦਾ ਉਪਦੇਸ਼ ਦਿਤਾ। ਗੁਰੂ ਕਾ ਅਤੁੱਟ ਲੰਗਰ ਵਰਤਿਆ । ਸਮਾਗਮ 'ਚ ਮਸਤਾਨਾ ਬਲੋਚਿਸਤਾਨ, ਆਸ਼ਰਮ ਡੇਰਾ ਜਗਮਾਲ ਵਾਲੀ ਤੋਂ ਸੰਤ ਵਿਰੇਂਦਰ ਸਿੰਘ ਢਿੱਲੋਂ, ਰਾਮ ਰਾਜ ਸਥਾਪਨਾ ਨਿਆਸ ਦੇ ਚੇਅਰਮੈਨ ਡਾਕਟਰ ਰਘੁਵੰਸ਼ ਮਨੀ ਪਾਂਡੇ, ਰਾਗਿਨੀ, ਬ੍ਰਿਜ ਮੋਹਨ, ਵਿਸ਼ਵ ਹਿੰਦੂ ਪਰਿਸ਼ਦ ਦੇ ਸਾਬਕਾ ਵਿਭਾਗ ਅਧਿਅਕਸ਼ ਅਤੇ ਵਰਤਮਾਨ ਸਰੰਕਸ਼ਕ, ਬਲਬੀਰ ਜ਼ਿਲ੍ਹਾ ਉਪ ਅਧਿਕਾਰੀ, ਗੌਰਵ ਸ਼ਰਮਾ, ਸੁਖਰਾਜ ਸਿੰਘ, ਰਘਬੀਰ ਸਿੰਘ ਬਾਜਵਾ, ਸੂਬਾ ਬਲਜੀਤ ਸਿੰਘ, ਸੰਤ ਮੋਹਨ ਸਿੰਘ ਝੰਬਰ, ਸੰਤ ਅੰਗ੍ਰੇਜ਼ ਸਿੰਘ, ਸੰਤ ਨਛੱਤਰ ਸਿੰਘ, ਸੰਤ ਬਖਸ਼ੀਸ ਸਿੰਘ ਸੰਤਾਵਲੀ , ਸੰਤ ਮੁਖਤਿਆਰ ਸਿੰਘ, ਸੰਤ ਪ੍ਰੇਮ ਸਿੰਘ, ਕੁਲਵਿੰਦਰ ਭੰਡਰ, ਮਾਸਟਰ ਸੁਖਦੇਵ ਸਿੰਘ , ਗੁਰਦਿਆਲ ਸਿੰਘ ਮੌਜੀ , ਸੱਗੂ ਐਲਨਾਬਾਦ, ਬੇਅੰਤ ਸਿੰਘ , ਗੁਰਭੇਜ ਸਿੰਘ ਨਕੌੜਾ,ਦਲਜੀਤ ਕੌਰ, ਰਮਨਦੀਪ ਭੰਡਰ, ਬਲਦੇਵ ਸਿੰਘ ਆਦਿ ਤੋਂ ਇਲਾਵਾ ਹਜਾਰਾਂ ਦੀ ਗਿਣਤੀ 'ਚ ਸੰਗਤਾਂ ਨੇ ਸ਼ਮੂਲੀਅਤ ਕੀਤੀ।ਸਮਾਗਮ ਦੌਰਾਨ ਖੂਨਦਾਨ ਕੈਂਪ, ਰੋਗਾਂ ਤੋਂ ਛੁਟਕਾਰਾ ਪਾਉਣ ਲਈ ਮੁਫਤ ਯੋਗ ਕੈਂਪ ਅਤੇ ਹੋਮਿਓਪੈਥਿਕ, ਆਯੁਰਵੈਦਿਕ ਦਵਾਈਆਂ ਦਾ ਕੈਂਪ ਲਗਾਇਆ ਗਿਆ, ਜਿਸ 'ਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਖ਼ੂਨ ਦਾਨ ਕੀਤਾ ।



# ਤਿੰਨ ਦਿਨਾ ਸਾਲਾਨਾ ਸਮਾਗਮ ਕਰਵਾਇਆ

**ਮੋਹਾਲੀ, (ਗੁਰਜੀਤ ਬਿੱਲਾ)**

ਗੁਰਦੁਆਰਾ ਗੁਰਸ਼ਬਦ ਪ੍ਰਕਾਸ਼ ਅਕਾਲ ਆਸ਼ਰਮ, ਸੋਹਾਣਾ ਦੇ ਤਿੰਨ ਦਿਨਾਂ ਸਾਲਾਨਾ ਸਮਾਗਮ ਵਿਚ ਪੰਥ ਰਤਨ ਭਾਈ ਜਸਬੀਰ ਸਿੰਘ ਖ਼ਾਲਸਾ ਦੀ ਯਾਦ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ।ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਚੈਰੀਟੇਬਲ ਹਸਪਤਾਲ ਦੇ ਸੰਸਥਾਪਕ ਭਾਈ ਜਸਬੀਰ ਸਿੰਘ ਖੰਨੇ ਵਾਲਿਆਂ ਦੀ ਯਾਦ ਵਿਚ ਹਰ ਸਾਲ ਕਰਵਾਏ ਜਾਂਦੇ ਇਸ ਧਾਰਮਿਕ ਸਮਾਗਮ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਦੇਰ ਰਾਤ ਤਕ ਗੁਰਬਾਣੀ ਦਾ ਸਰਵਣ ਕੀਤਾ।ਇਸ ਦੌਰਾਨ ਪੰਥ ਦੇ ਪ੍ਰਸਿੱਧ ਰਾਗੀ ਅਤੇ ਢਾਡੀਆਂ ਤੋਂ ਇਲਾਵਾ ਕਥਾ ਵਾਚਕਾਂ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਤਿੰਨੇ ਦਿਨ ਸੰਗਤਾਂ ਨੂੰ ਗੁਰੂ ਦੀ ਬਾਣੀ ਨਾਲ ਜੋੜਦੇ ਹੋਏ ਭੈਣ ਰਵਿੰਦਰ ਕੌਰ ਨੇ ਗੁਰਬਾਣੀ ਦਾ ਸਿਮਰਨ ਕੀਤਾ।ਅਖੀਰੀ ਦਿਨ ਦੇ ਦੀਵਾਨ ਵਿਚ ਭਾਈ ਦਵਿੰਦਰ ਸਿੰਘ ਜੀ ਖ਼ਾਲਸਾ ਖੰਨਾ ਵਾਲੇ , ਭਾਈ ਗੁਰਭੇਜ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਪ੍ਰਦੀਪ ਸਿੰਘ, ਭਾਈ ਸਰਬਜੀਤ ਸਿੰਘ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਭਾਈ ਮਨਪ੍ਰੀਤ ਸਿੰਘ ਕਾਨਪੁਰੀ ਨੇ ਸੰਗਤਾਂ ਨੂੰ ਇਲਾਹੀ ਬਾਣੀ ਦੇ ਕੀਰਤਨ ਨਾਲ ਨਿਹਾਲ ਕੀਤਾ।ਸਾਰੇ ਸਮਾਗਮਾਂ ਦਾ ਸਿੱਧਾ ਪ੍ਰਸਾਰਨ ਫਤਿਹ ਟੀ ਵੀ ਚੈਨਲ, ਸੰਗਤ ਟੀ ਵੀ ਅਤੇ ਯੂ ਟਿਊਬ ਤੇ ਬਾਣੀ ਡੋਟ ਨੈੱਟ 'ਤੇ ਕੀਤਾ ਗਿਆ ।ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਚੈਰੀਟੇਬਲ ਟਰੱਸਟ ਦੇ ਟਰੱਸਟੀ ਗੁਰਮੀਤ ਸਿੰਘ ਨੇ ਕਿਹਾ ਕਿ ਮਾਨਵਤਾ ਦੀ ਸੇਵਾ ਲਈ ਜੋ ਕਾਰਜ ਭਾਈ ਜਸਬੀਰ ਸਿੰਘ ਖੰਨੇ ਵਾਲਿਆਂ ਨੇ ਆਰੰਭ ਕੀਤਾ ਸੀ ਉਸ 'ਤੇ ਚੱਲਦੇ ਹੋਏ ਸੋਹਾਣਾ ਹਸਪਤਾਲ ਵੱਡੇ ਪੱਧਰ 'ਤੇ ਲੋਕਾਂ ਦੀ ਸੇਵਾ ਕਰ ਰਿਹਾ ਹੈ।ਇਸ ਮੌਕੇ ਫ਼ਰੀ ਮੈਮੋਗਰਾਫੀ ਅਤੇ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ।ਇਸ ਸਮਾਗਮ ਮੌਕੇ ਗੁਰੂ ਕਾ ਅਤੁੱਟ ਲੰਗਰ ਵੀ ਵਰਤਾਇਆ ਗਿਆ ।




# ਦੀ ਇੰਪੀਰੀਅਲ ਸਕੂਲ ਗਰੀਨ ਕੈਂਪਸ 'ਚ ਇੰਵੈਸਟੀਚਰ ਸਮਾਰੋਹ

**ਆਦਮਪੁਰ (ਪਰਮਜੀਤ ਸਿੰਘ)**

ਦੀ ਇੰਪੀਰੀਅਲ ਸਕੂਲ ਗਰੀਨ ਕੈਂਪਸ 'ਚ ਇੰਵੈਸਟੀਚਰ ਸਮਾਰੋਹ ਦਾ ਆਯੋਜਨ ਕੀਤਾ ਗਿਆ।ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਏਅਰ ਕਮਾਂਡਰ ਅਜੈ ਕੁਮਾਰ ਚੌਧਰੀ (ਏਅਰ ਆਫ਼ੀਸਰ ਕਮਾਂਡਿੰਗ), ਸ਼੍ਰੀਮਤੀ ਰਿਚਾ ਸ਼ਰਮਾ, ਸਕੂਲ ਚੇਅਰਮੈਨ ਜਗਦੀਸ਼ ਲਾਲ, ਡਾਇਰੈਕਟਰ ਜਗਮੋਹਨ ਅਰੋੜਾ ਪਹੁੰਚੇ।ਸਕੂਲ ਦੇ ਪ੍ਰਿੰਸੀਪਲ ਸਵਿੰਦਰ ਕੌਰ ਮੱਲ੍ਹੀ ਦੀ ਨਿਗਰਾਨੀ ਵਿੱਚ ਆਯੋਜਿਤ ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨਾਂ ਦੇ ਸੁਆਗਤ ਨਾਲ ਹੋਈ।ਸਕੂਲ ਕਮੇਟੀ ਅਤੇ ਮਹਿਮਾਨਾਂ ਵੱਲੋਂ ਜੋਤੀ ਉਜਵਲ ਕਰਨ ਉਪਰੰਤ ਵਿਦਿਆਰਥੀਆਂ ਵੱਲੋਂ ਮਾਰਚ-ਪਾਸਟ ਕੀਤਾ। ਪ੍ਰੋਗਰਾਮ ਦੌਰਾਨ ਸਕੂਲ ਦੇ ਹੈੱਡ ਬੁਆਏ ਅਤੇ ਹੈੱਡ ਗਰਲ ਸਮੇਤ ਚਾਰ ਹਾਊਸਾਂ ਦੀ ਬੈਠਕ ਹੋਈ।ਪ੍ਰੋਗਰਾਮ ਦੇ ਦੌਰਾਨ 10ਵੀਂ ਦੇ ਵਿਦਿਆਰਥੀ ਧਰੁਵ ਭਾਟੀਆ ਨੂੰ ਹੈੱਡ ਬੁਆਏ ਅਤੇ ਜਮਾਤ 9ਵੀਂ ਦੇ ਵਿਦਿਆਰਥੀ ਲਵਪ੍ਰੀਤ ਬੈਂਸ ਨੂੰ ਵਾਇਸ ਹੈੱਡ ਬੁਆਏ। ਇਸੇ ਤਰ੍ਹਾਂ ਜਮਾਤ 10ਵੀਂ ਦੀ ਵਿਦਿਆਰਥਣ ਕਾਵਿਆ ਗੁਪਤਾ ਨੂੰ ਹੈੱਡ ਗਰਲ ਅਤੇ ਜਮਾਤ 9ਵੀਂ ਦੀ ਵਿਦਿਆਰਥਣ ਅਵਨੀ ਨੂੰ ਵਾਇਸ ਹੈੱਡ ਗਰਲ ਨੂੰ ਨਿਯੁਕਤ ਕੀਤਾ ਗਿਆ।ਓਜਸ ਯਾਦਵ, ਮੁਸਕਾਨ ਗੁਪਤਾ, ਪ੍ਰਕਿਰਤੀ ਲਾਲ ਅਤੇ ਅਰਪਿਤ ਰਾਵਤ ਨੂੰ ਖੇਡਾਂ ਦੇ ਕੈਪਟਨ ਅਤੇ ਵਾਇਸ ਕੈਪਟਨ ਦੇ ਨਾਲ-ਨਾਲ, ਕਸ਼ਿਸ਼ ਚੌਧਰੀ ਅਤੇ ਨੂਰ ਨੂੰ ਕਲਚਰਲ ਕੈਪਟਨ ਨਿਯੁਕਤ ਕੀਤਾ ਗਿਆ।ਕੌਂਸਲ ਦੇ ਵਿਦਿਆਰਥੀਆਂ ਨੂੰ ਦੇ ਕ੍ਰਮ ਵਿੱਚ ਉਨ੍ਹਾਂ ਦੇ ਕਾਰਜਾਂ ਦੇ ਲਈ ਜਾਣਕਾਰੀ ਦਿੱਤੀ ਗਈ। ਅਰਮਾਨ ਪਸਰੀਚਾ ਨੂੰ ਪਾਇਨੀਅਰ ਹਾਊਸ ਦੇ ਕੈਪਟਨ, ਪ੍ਰਣਵ ਨੂੰ ਵਾਇਸ ਹਾਊਸ ਕੈਪਟਨ ਅਤੇ ਲਲੀਤਾ ਕਲਲੂਰੀ ਨੂੰ ਹਾਊਸ ਪ੍ਰੀਫੈਕਟ ਵਜੋਂ ਨਿਯੁਕਤ ਕੀਤਾ ਗਿਆ। ਸ਼ਿਸ਼ਟੀ ਨੂੰ ਅਚੀਵਰ ਹਾਊਸ ਦੇ ਕੈਪਟਨ , ਹਰਜੋਤ ਕੌਰ ਨੂੰ ਵਾਇਸ ਹਾਊਸ ਕੈਪਟਨ ਅਤੇ ਸ਼ੁਭਾਂਸ਼ ਨੂੰ ਹਾਊਸ ਪ੍ਰੀਫੈਕਟ ਦੇ ਤੌਰ 'ਤੇ ਨਿਯੁਕਤ ਕੀਤਾ ਗਿਆ।ਜਾਨਵੀ ਟੰਡਨ ਨੂੰ ਚੈਲੇਂਜਰ ਹਾਊਸ ਦੇ ਕੈਪਟਨ, ਆਯੁਸ਼ ਨੂੰ ਵਾਇਸ ਹਾਊਸ ਕੈਪਟਨ, ਅਕਸ਼ਤਜੀਤ ਨੂੰ ਹਾਊਸ ਪ੍ਰੀਫੈਕਟ ਵਜੋਂ ਨਿਯੁਕਤ ਕੀਤਾ ਗਿਆ।ਜਸਮੀਤ ਕੌਰ ਨੂੰ ਐਕਸਪਲੋਰਰ ਹਾਊਸ ਦੇ ਕੈਪਟਨ, ਦਿਸ਼ਿਤਾ ਦੱਤਾ ਨੂੰ ਵਾਇਸ ਹਾਊਸ ਕੈਪਟਨ, ਅਦਿੱਤੀ ਕੰਧਾਰੀ ਨੂੰ ਹਾਊਸ ਪ੍ਰੀਫੈਕਟ ਵਜੋਂ ਨਿਯੁਕਤ ਕੀਤਾ ਗਿਆ।ਨਿਯੁਕਤ ਵਿਦਿਆਰਥੀ ਕੌਂਸਲ ਨੂੰ ਸਹੁੰ ਚੁਕਾਈ ਗਈ। ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਐਕਟੀਵਿਟੀ ਇੰਚਾਰਜ ਭਾਸਕਰ ਬੱਗਾ ਅਤੇ ਮੈਡਮ ਸੁਮਨ ਸੂਦ ਨੇ ਪ੍ਰੋਗਰਾਮ ਦੀ ਤਿਆਰੀ ਕਰਨ ਦੀ ਜ਼ਿੰਮੇਵਾਰੀ ਬਖ਼ੂਬੀ ਨਿਭਾਈ।ਸਕੂਲ ਦੇ ਚੇਅਰਮੈਨ ਜਗਦੀਸ਼ ਲਾਲ ਨੇ ਕੌਂਸਲ ਦੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਨੂੰ ਆਪਣੀ ਜ਼ਿੰਮੇਵਾਰੀ ਸਹੀ ਤਰੀਕੇ ਨਾਲ ਨਿਭਾਉਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਨਿਯੁਕਤ ਕੌਂਸਲ ਸਹੀ ਢੰਗ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਅਤੇ ਸਾਰੇ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸਰੋਤ ਬਣਨ ਤਾਂ ਜੋ ਹਰ ਵਿਦਿਆਰਥੀ ਬੇਝਿਜਕ ਅੱਗੇ ਆਵੇ ਅਤੇ ਆਪਣੀ ਪਹਿਚਾਣ ਬਣਾਵੇ।ਮਾਣਯੋਗ ਏਅਰ ਕਮਾਂਡਰ ਅਜੈ ਕੁਮਾਰੀ ਨੇ ਵਿਦਿਆਰਥੀਆਂ ਨੂੰ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਪੂਰੀ ਤਰ੍ਹਾਂ ਨਿਭਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਉਨ੍ਹਾਂ ਨੇ ਆਪਣੇ ਜੀਵਨ ਦੀਆਂ ਬਰੀਕੀਆਂ ਨੂੰ ਵੀ ਵਿਦਿਆਰਥੀਆਂ ਨਾਲ ਸਾਂਝਾ ਕੀਤਾ ਅਤੇ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਵਿੱਚ ਮਿਸਾਲ ਬਣ ਕੇ ਆਪਣੀ ਪਹਿਚਾਣ ਬਣਾਉਣ ਲਈ ਕਿਹਾ।ਮੁੱਖ ਮਹਿਮਾਨ ਸ਼੍ਰੀਮਤੀ ਰਿਚਾ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੌਂਪੀ ਗਈ ਜ਼ਿੰਮੇਵਾਰੀ 'ਤੇ ਹਮੇਸ਼ਾਂ ਬਚਨਬੱਧ ਰਹਿਣ ਦੇ ਸਹੀ ਨਿਰਦੇਸ਼ ਵੀ ਦਿੱਤੇ।




# ਪਿੰਡ ਨਿਵਾਸੀਆਂ ਤੇ ਸਰਕਾਰ ਦੇ ਸਹਿਯੋਗ ਨਾਲ ਪਿੰਡ ਦੀ ਨੁਹਾਰ ਬਦਲੀ ਜਾਵੇਗੀ : ਜਸਵੰਤ ਬਿੱਟੂ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਪੇਂਡੂ ਪੰਚਾਇਤਾਂ ਦੇ ਇਲੈਕਸ਼ਨਾਂ ਤੋਂ ਪਹਿਲਾਂ ਬਲਾਕ ਟਾਂਡਾ ਦੇ ਵੇਟ ਏਰੀਆ ਵਿੱਚ ਪੈਂਦੇ ਪਿੰਡ ਜਲਾਲਪੁਰ ਦੀ ਬੇਹਤਰੀ ਤੇ ਨੁਹਾਰ ਬਦਲਣ ਲਈ ਪਿੰਡ ਨਿਵਾਸੀਆਂ ਅਤੇ ਪਹਿਲੀ ਪੰਚਾਇਤ ਵੱਲੋਂ ਕੁਝ ਦਿਨ ਪਹਿਲਾਂ ਸਰਬ ਸੰਮਤੀ ਨਾਲ ਪਿੰਡ ਵਿੱਚ ਨਵੀਂ ਪੰਚਾਇਤ ਚੁਣੀ ਗਈ ਸੀ।ਇਸ ਸੰਬੰਧ ਵਿੱਚ ਪਿੰਡ ਦੀ ਬਿਹਤਰੀ ਅਤੇ ਸਰਬਤ ਦੇ ਭਲੇ ਦੀ ਅਰਦਾਸ ਲਈ ਪਿੰਡ ਜਲਾਲਪੁਰ ਵਿਖੇ ਨਵੀਂ ਪੰਚਾਇਤ ਅਤੇ ਪਿੰਡ ਨਿਵਾਸੀਆਂ ਦੇ ਸਹਿਯੋਗ ਨਾਲ ਅੱਜ ਪਿੰਡ ਦੇ ਗੁਰਦੁਆਰਾ ਵਿਖੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਉਣ ਸਬੰਧੀ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਿੰਡ ਦੇ ਸਰਪੰਚ ਜਸਵੰਤ ਸਿੰਘ ਬਿੱਟੂ, ਪੰਚ ਲਖਵਿੰਦਰ ਸਿੰਘ ਸੇਠੀ, ਚੇਅਰਮੈਨ ਲਖਵੀਰ ਸਿੰਘ, ਸਾਬਕਾ ਸਰਪੰਚ ਸੁਖਵਿੰਦਰ ਸਿੰਘ, ਸਾਬਕਾ ਸਰਪੰਚ ਲਖਵਿੰਦਰ ਕੌਰ, ਸਾਬਕਾ ਸਰਪੰਚ ਗੁਰਨਾਮ ਸਿੰਘ ਸ਼ਾਮਿਲ ਹੋਏ।ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਰਾਗੀ ਢਾਡੀ ਜੱਥਾ ਭਾਈ ਸਤਨਾਮ ਸਿੰਘ ਨੇ ਆਪਣੇ ਕੀਰਤਨਾਂ ਰਾਹੀਂ ਸਤਿਗੁਰੂ ਦੇ ਦਰਸਾਏ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੰਦੇ ਹੋਏ ਕਿਹਾ ਕਿ ਹਰ ਇਨਸਾਨ ਨੂੰ ਕਿਰਤ ਕਮਾਈ ਕਰਦੇ ਹੋਏ ਚੰਗੇ ਕਰਮ ਕਰਨੇ ਚਾਹੀਦੇ ਹਨ।ਇਸ ਮੌਕੇ ਸਰਪੰਚ ਜਸਵੰਤ ਸਿੰਘ ਬਿੱਟੂ ਨੇ ਪਿੰਡ ਨਿਵਾਸੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪਿੰਡ ਦੇ ਲੋਕਾਂ ਨੇ ਜਿਹੜੀ ਆਸਾਂ ਉਮੀਦਾਂ ਨਾਲ ਮੈਨੂੰ ਸਰਬ ਸੰਮਤੀ ਨਾਲ ਸਰਪੰਚ ਬਣਾਇਆ ਹੈ ਮੈਂ ਪਿੰਡ ਦੀ ਬਿਹਤਰੀ ਤੇ ਵਿਕਾਸ ਲਈ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਅਤੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਰਹਿੰਦੇ ਸਾਰੇ ਕਾਰਜਾਂ ਨੂੰ ਨੇਪੜੇ ਚਾੜ ਕੇ ਪਿੰਡ ਦੀ ਨੁਹਾਰ ਬਦਲ ਦੇਵਾਂਗਾ। ਸਮਾਰੋਹ ਦੇ ਆਖਿਰ ਵਿੱਚ ਪਿੰਡ ਨਿਵਾਸੀਆਂ ਅਤੇ ਆਏ ਹੋਏ ਸਾਰੇ ਮਹਿਮਾਨਾਂ ਵੱਲੋਂ ਸਰਪੰਚ ਜਸਵੰਤ ਸਿੰਘ ਬਿੱਟੂ ਤੇ ਸਾਰੇ ਪੰਚਾਇਤ ਮੈਂਬਰਾਂ ਨੂੰ ਸਰੋਪੇ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਅਜੀਤ ਸਿੰਘ, ਜਸਵੰਤ ਸਿੰਘ ਅੰਬੀ, ਕੁਲਵੰਤ ਸਿੰਘ, ਤਰਸੇਮ ਸਿੰਘ ਨੰਦੀ, ਪ੍ਰਕਾਸ਼ ਰਾਮ, ਅਮਰਜੀਤ ਕੌਰ, ਸੁਰਿੰਦਰ ਕੌਰ, ਜਸਵੀਰ ਕੌਰ ਸਾਰੇ ਪੰਚਾਇਤ ਮੈਂਬਰ, ਚਰਨ ਸਿੰਘ, ਲੰਬੜਦਾਰ ਕੁਲਵੰਤ ਸਿੰਘ, ਸੁਖਵਿੰਦਰ ਸਿੰਘ ਲੱਖਾ, ਮੇਜਰ ਕੁਲਦੀਪ ਸਿੰਘ, ਬਲਕਾਰ ਸਿੰਘ, ਨਾਨਕ ਵੀਰ ਸਿੰਘ, ਦੀਪ ਸਿੰਘ, ਸੁਖਵਿੰਦਰ ਸਿੰਘ ਸੁੱਖਾ, ਬੱਬਰ ਜਵੈਲਰਜ, ਇੰਸਪੈਕਟਰ ਰਾਜਨ ਜਲਾਲਪੁਰ, ਸਰਬਜੀਤ ਸਿੰਘ, ਅਮਨਦੀਪ ਸਿੰਘ, ਜੋਗਿੰਦਰ ਸਿੰਘ, ਅਸ਼ਵਨੀ ਜਲਾਲਪੁਰ, ਜਸਵੀਰ ਸਿੰਘ ਲੱਡੂ, ਮਹਿਲ ਪ੍ਰੀਤ ਸਿੰਘ, ਰਣਵੀਰ ਸਿੰਘ, ਮਨਜੋਤ ਸਿੰਘ ਅਤੇ ਹੋਰ ਹਾਜ਼ਰ ਸਨ।



